**ਮਿਤੀ 8.3.2013 ਨੂੰ ਮਾਨਯੋਗ ਸ਼੍ਰੀ ਸੁਰਜੀਤ ਕੁਮਾਰ ਜਿਆਣੀ,ਕਿਰਤ ਮੰਤਰੀ ਕਮ ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 8ਵੀਂ ਮੀਟਿੰਗ ਦੀ ਕਾਰਵਾਈ ਰਪੋਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 8ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਸੁਰਜੀਤ ਕੁਮਾਰ ਜਿਆਣੀ ਜੀ ਦੀ ਪ੍ਰਧਾਨਗੀ ਹੇਠ ਮਿਤੀ 8.3.2013 ਨੂੰ ਦੋਪਹਿਰ 12.00 ਵਜੇ ਵਣ-ਭਵਨ ਮੁਹਾਲੀ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਨੇ ਭਾਗ ਲਿਆ:-

| | | |
|---|---|---|
| 1. | ਸ਼੍ਰੀ ਕਰਨ ਅਵਤਾਰ ਸਿੰਘ<br>ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ<br>ਕਿਰਤ ਵਿਭਾਗ | ਮੈਂਬਰ |
| 2. | ਸ਼੍ਰੀ ਪ੍ਰਭਜੋਤ ਸਿੰਘ ਮੰਡ<br>ਆਈ.ਏ.ਐਸ<br>ਕਿਰਤ ਕਮਿਸ਼ਨਰ, ਪੰਜਾਬ | ਮੈਂਬਰ ਸਕੱਤਰ |
| 3. | ਸ਼੍ਰੀ ਐਸ ਕਰੁਣਾ ਰਾਜੂ<br>ਆਈ.ਏ.ਐਸ<br>ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤਾ<br>ਪੰਜਾਬ, ਚੰਡੀਗੜ੍ਹ | ਨੁਮਾਇੰਦਾ, ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ,<br>ਪੇਂਡੂ ਵਿਕਾਸ ਅਤੇ<br>ਪੰਚਾਇਤਾ |
| 4. | ਰੀਜਨਲ ਲੇਬਰ ਕਮਿਸ਼ਨਰ,<br>ਭਾਰਤ ਸਰਕਾਰ, ਚੰਡੀਗੜ੍ਹ | ਮੈਂਬਰ |
| 5. | ਸ਼੍ਰੀ ਜੀ.ਐਸ ਮੌੜ, ਡਿਪਟੀ ਡਾਇਰੈਕਟਰ | ਨੁਮਾਇੰਦਾ, ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ, ਸਮਾਜਿਕ<br>ਸੁਰਖਿਆ ਅਤੇ ਇਸਤਰੀ<br>ਤੇ ਬਾਲ ਵਿਕਾਸ ਵਿਭਾਗ |
| 6. | ਸ਼੍ਰੀ ਏ.ਕੇ. ਕਾਂਸਲ, ਚੀਫ ਵਿੰਜੀਲੈਂਸ ਅਫਸਰ | ਨੁਮਾਇੰਦਾ,ਪ੍ਰਮੁੱਖ ਸਕੱਤਰ,<br>ਪੰਜਾਬ ਸਰਕਾਰ<br>ਸਥਾਨਕ ਸਰਕਾਰ ਵਿਭਾਗ |
| 7. | ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਕੁਲਦੀਪ ਸਿੰਘ<br>ਮੈਸ: ਬਖਸੀਸ਼ ਬਿਲਡਰਜ ਲਿ: ਕੋਠੀ ਨੰ:130<br>ਫੇਜ 3 ਬੀ-1 ਮੁਹਾਲੀ | ਮੈਂਬਰ |
| 8. | ਸ਼੍ਰੀ ਰਮੇਸ਼ ਕੁਮਾਰ ਸ਼ਰਮਾ<br>ਮਾਰਫਤ ਹਿਮਾਲਿਆ ਬੇਕਰੀ,<br>ਢਾਂਗੂ ਰੋਡ, ਪਠਾਨਕੋਟ | ਮੈਂਬਰ |
| 9. | ਸ਼੍ਰੀਮਤੀ ਇਨੂੰ ਸਿੰਗਲਾ ਪਤਨੀ ਸ਼੍ਰੀ ਸ਼ਮੇਸ<br>ਸਿੰਗਲਾ, ਕੋਠੀ ਨੰ:8 ਗਲੀ ਨੰ:3,<br>ਮਾਨ ਕਲੋਨੀ ਸੰਗਰੂਰ | ਮੈਂਬਰ |

ਮੀਟਿੰਗ ਦੇ ਆਰੰਭ ਵਿਚ ਕਿਰਤ ਕਮਿਸ਼ਨਰ ਪੰਜਾਬ-ਕਮ-ਸਕੱਤਰ ਬੋਰਡ (ਮੈਂਬਰ ਸਕੱਤਰ) ਵਲੋਂ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਦੇ ਨਾਲ-ਨਾਲ, ਹੋਰ ਨਵੇਂ ਨਾਮਜਦ ਮੈਂਬਰ ਸਹਿਬਾਨ ਦੇ ਮੀਟਿੰਗ ਵਿਚ ਪਹਿਲੀ ਵਾਰ ਭਾਗ ਲੈਂਣ ਲਈ 'ਜੀ ਆਇਆਂ' ਆਖਿਆ ਅਤੇ ਉਨ੍ਹਾਂ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸਨ ਵਰਕਰਜ਼ ਵੈਲਫੇਅਰ ਬੋਰਡ ਦੀ ਸਥਾਪਨਾ ਦੇ ਉਦੇਸ਼ ਅਤੇ ਇਸਦੀ ਕਾਰਗੁਜਾਰੀ ਬਾਰੇ ਚਾਨਣਾ ਪਾਇਆ ਅਤੇ ਦਸਿਆ ਗਿਆ ਕਿ ਉਸਾਰੀ ਕੰਮਾਂ ਵਿਚ ਲੱਗੇ ਕਿਹੜੇ ਕਿਹੜੇ ਉਸਾਰੀ ਕਿਰਤੀ ਬੋਰਡ ਦੇ ਲਾਭਪਾਤਰੀ ਵਜੋਂ ਰਜਿਸਟਰਡ ਕੀਤੇ ਜਾ ਸਕਦੇ ਹਨ, ਅਤੇ ਉਨ੍ਹਾਂ ਦੀ ਜਾਣਕਾਰੀ ਹਿੱਤ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਕਿਰਤ ਭਲਾਈ ਸਕੀਮਾ ਬਾਰੇ ਅਤੇ ਐਕਟ ਅਧੀਨ ਪ੍ਰਾਪਤ ਹੋ ਰਹੇ ਸੈਸ ਬਾਰੇ ਵੀ ਜਾਣਕਾਰੀ ਦਿਤੀ ਗਈ। ਮੈਂਬਰ ਸਕੱਤਰ ਵਲੋਂ ਮੈਂਬਰ ਸਹਿਬਾਨ ਨੂੰ ਦਸਿਆ ਗਿਆ ਕਿ ਬੋਰਡ ਦੇ ਪਹਿਲੇ ਮੈਂਬਰਾਂ ਦੀ ਮਿਆਦ ਮਿਤੀ 29.4.12 ਨੂੰ ਖਤਮ ਹੋਣ ਉਪਰੰਤ ਹੁਣ ਸਰਕਾਰ ਵਲੋਂ

ਮੁੜ ਬੋਰਡ ਦਾ ਗਠਨ ਕੀਤਾ ਗਿਆ ਹੈ ਜਿਸ ਕਾਰਣ ਤਕਰੀਬਨ 9-10 ਮਹੀਨੇ ਬਾਅਦ ਬੋਰਡ ਦੀ ਇਹ 8ਵੀਂ ਮੀਟਿੰਗ ਸੱਦੀ ਗਈ ਹੈ।

ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਆਗਿਆ ਨਾਲ ਮੀਟਿੰਗ ਦੀ ਕਾਰਵਾਈ ਅਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਜਾਣਕਾਰੀ ਦਿੱਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ: -

**ਆਈਟਮ ਨੰ:1** **ਬੋਰਡ ਦੀ 7ਵੀਂ ਮੀਟਿੰਗ ਮਿਤੀ 25.4.2012 ਦੀ ਕਾਰਵਾਈ ਦੀ ਪੁਸ਼ਟੀ**

ਮੈਂਬਰਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਦੀ 7ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2012-13/1370-1382 ਮਿਤੀ 27.4.12 ਰਾਹੀਂ ਭੇਜ ਦਿਤੀ ਗਈ ਸੀ। ਇਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਮੈਂਬਰਾਨ ਵਲੋਂ 7ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 7ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਬਾਰੇ।**

ਸਕੱਤਰ ਵਲੋਂ ਬੋਰਡ ਦੀ 7ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਲਏ ਗਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਹਿਬਾਨ ਵਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿੱਚ ਦਰਸਾਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਅਨੁਸਾਰ ਮੁੜ ਫੈਸਲੇ ਲਏ ਗਏ:

**6ਵੀਂ ਮੀਟਿੰਗ(ਸਪਲੀਮੈਂਟਰੀ ਆਈਟਮ ਨੰ: 2)**

**ਜਨਰਲ**

**ਪੈਰਾ ਨੰ: 1** **ਰਾਸ਼ਟਰੀਅ ਸਵਾਸਥ ਬੀਮਾ ਯੋਜਨਾ**

ਮੈਂਬਰ ਸਕੱਤਰ ਵਲੋਂ ਆਰ.ਐਸ.ਬੀ.ਵਾਈ ਸਕੀਮ ਬਾਰੇ ਹੋਈ ਪ੍ਰਗਤੀ ਸਬੰਧੀ ਜਾਣਕਾਰੀ ਦਿੰਦੇ ਹੋਏ ਦਸਿਆ ਗਿਆ ਕਿ ਇਹ ਸਕੀਮ ਸਟੇਟ ਹੈਲਥ ਸਿਸਟਮ ਕਾਰਪੋਰੇਸ਼ਨ ਰਾਹੀਂ ਚਲਾਈ ਜਾ ਰਹੀ ਹੈ। ਇਸ ਸਕੀਮ ਅਧੀਨ 10 ਜਿਲ੍ਹਿਆਂ ਵਿਚ 1290 ਲਾਭਪਾਤਰੀਆਂ ਨੂੰ ਸਬੰਧਤ ਇੰਸੋਰੈਂਸ ਕੰਪਨੀ ਵਲੋਂ ਸਮਾਰਟ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ। ਮੈਂਬਰ ਸਕੱਤਰ ਵਲੋਂ ਇਹ ਵੀ ਦੱਸਿਆ ਗਿਆ ਕਿ ਬੋਰਡ ਵਲੋਂ ਆਰ.ਐਸ.ਬੀ.ਵਾਈ ਤੋਂ ਇਲਾਵਾ, ਲਾਭਪਾਤਰੀਆਂ ਲਈ ਖਤਰਨਾਕ ਬਿਮਾਰੀਆਂ ਦੇ ਇਲਾਜ ਤੇ ਖਰਚੇ ਦੀ ਪ੍ਰਤਿਪੂਰਤੀ ਲਈ ਇਕ ਹੋਰ ਸਕੀਮ ਚਲਾਈ ਜਾ ਰਹੀ ਹੈ। ਸਾਲ 2012-13 ਦੋਰਾਨ ਇਸ ਸਕੀਮ ਅਧੀਨ ਕਿਸੇ ਲਾਭਪਾਤਰੀ ਵਲੋਂ ਕੋਈ ਕਲੇਮ ਪੇਸ਼ ਨਹੀ ਕੀਤਾ ਗਿਆ। ਅਗਲੇ ਸਾਲ ਇਸ ਸਕੀਮ ਅਧੀਨ ਖਰਚੇ ਨੂੰ ਵੀ ਆਰ.ਐਸ.ਬੀ.ਵਾਈ ਸਕੀਮ ਹੇਠ ਰੱਖੀ ਅਨੁਮਾਨਤ ਬਜਟ ਰਾਸ਼ੀ ਵਿਚ ਕਵਰ ਕਰ ਲਿਆ ਜਾਵੇਗਾ, ਜਿਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਪੈਰਾ ਨੰ:3)** **ਬੋਰਡ ਦੀਆਂ ਕਿਰਤ ਭਲਾਈ ਸਕੀਮਾਂ ਦੇ ਦੂਰਦਰਸ਼ਨ ਜਲੰਧਰ ਰਾਹੀਂ ਦਿਤੇ ਜਾ ਰਹੇ ਵਿਗਿਆਪਨ ਬਾਰੇ।**

ਇਸ ਆਈਟਮ ਤੇ ਵਿਚਾਰ-ਵਟਾਂਦਰੇ ਦੋਰਾਨ ਇਹ ਫੈਸਲਾ ਹੋਇਆ ਕਿ ਵੱਧ ਤੋਂ ਵੱਧ ਲੋਕਲ ਕਿਰਤੀਆਂ ਨੂੰ ਬਤੋਰ ਲਾਭਪਾਤਰੀ ਰਜਿਸਟਰ ਕੀਤਾ ਜਾਵੇ ਅਤੇ ਇਸ ਮੰਤਵ ਲਈ ਸਾਰੇ ਅਧਿਕਾਰੀ ਅਪਣੇ ਅਪਣੇ ਸਰਕਲਾਂ ਵਿਚ ਦੋ-ਦੋ ਕੈਂਪ ਲਗਾਕੇ ਰਜਿਸਟ੍ਰੇਸ਼ਨ ਕਰਨਾ ਯਕੀਨੀ ਬਨਾਉਂਣ।

**ਪੈਰਾ ਨੰ:6** **ਉਸਾਰੀ ਕਿਰਤੀਆਂ ਲਈ ਨਵੀਆਂ ਭਲਾਈ ਸਕੀਮਾਂ ਬਨਾਉਂਣ ਬਾਰੇ।**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਦੇ ਫੈਸਲੇ ਅਨੁਸਾਰ ਪੈਨਸ਼ਨ ਸਕੀਮ ਸਬੰਧੀ ਤਜਵੀਜ ਤਿਆਰ ਕਰਕੇ ਸਰਕਾਰ ਨੂੰ ਭੇਜੀ ਗਈ ਸੀ, ਜਿਸ ਬਾਰੇ ਪ੍ਰਵਾਨਗੀ ਦਿੰਦੇ ਹੋਏ ਸਰਕਾਰ ਨੇ ਹਰ ਪਹਿਲੂ ਨੂੰ ਵਿਚਾਰਦੇ ਹੋਏ ਸਕੀਮ ਬਨਾਉਂਣ ਲਈ ਕਿਹਾ ਸੀ। ਇਸ ਉਪਰੰਤ ਐਲ.ਆਈ.ਸੀ ਵਲੋਂ ਇਕ ਹੋਰ ਤਜਵੀਜ ਪ੍ਰਾਪਤ ਹੋਈ ਹੈ, ਜਿਸ ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਬਾਰੇ ਬੋਰਡ ਵਲੋਂ ਫੈਸਲਾ ਲਿਆ ਗਿਆ ਕਿ ਮੁਕਮੰਲ ਤੋਰਤੇ

ਪੈਨਸ਼ਨ ਸਕੀਮ ਦੀ ਸਰਕਾਰ ਪਾਸੋਂ ਪੂਰਵ-ਪ੍ਰਵਾਨਗੀ ਲੈਂਣ ਉਪਰੰਤ ਬੋਰਡ ਦੀ ਅਗਲੀ ਮੀਟਿੰਗ ਵਿਚ ਅਜੰਡਾ ਪੇਸ਼ ਕੀਤਾ ਜਾਵੇ।

**7ਵੀਂ ਮੀਟਿੰਗ ਦੀ ਆਈਟਮ ਨੰ:4** **ਬੋਰਡ ਵਿਚ ਸਟਾਫ ਦੀ ਨਿਯੁਕਤੀ ਚਾਲੂ ਰਖਣ ਬਾਰੇ।**

ਇਸ ਆਈਟਮ ਵਿਚ ਬੋਰਡ ਵਲੋਂ ਲਏ ਫੈਸਲੇ ਤੇ ਕੀਤੀ ਕਾਰਵਾਈ ਬਾਰੇ ਜਾਣਕਾਰੀ ਦਿੰਦੇ ਹੋਏ ਮੈਂਬਰ ਸਕੱਤਰ ਵਲੋਂ ਇਹ ਸੁਝਾਅ ਵੀ ਦਿਤਾ ਗਿਆ ਕਿ ਮੈਸ: ਏ.ਟੂ.ਜੈਡ ਸਰਵਿਸਜ 123/2, ਪਿੰਡ ਬਡਹੇੜੀ 41-ਡੀ, ਚੰਡੀਗੜ੍ਹ ਸਰਵਿਸ ਪ੍ਰੋਵਾਈਡਰ ਨਾਲ ਜੋ ਨਵੇ-ਸਿਰੇ ਤੋਂ 1.7.2012 ਤੋਂ 0.5% ਸਭ ਤੋਂ ਘੱਟ ਰੇਟਸ ਤੇ ਠੇਕਾ ਦਿੱਤਾ ਹੋਇਆ ਹੈ, ਉਸਦੀ ਮਿਆਦ ਮਿਤੀ 30.6.13 ਨੂੰ ਖਤਮ ਹੋਣ ਵਿਚ 2-3 ਮਹੀਨੇ ਹੀ ਰਹਿੰਦੇ ਹਨ। ਇਸ ਲਈ ਇਸ ਵਿਚ ਹੋਰ ਵਾਧਾ ਕਰਨ ਬਾਰੇ ਵਿਚਾਰ ਲਿਆ ਜਾਣਾ ਚਾਹੀਦਾ ਹੈ ਇਸ ਬਾਰੇ ਮਾਨਯੋਗ ਚੇਅਰਮੈਨ ਜੀ ਵਲੋਂ ਆਦੇਸ਼ ਦਿਤੇ ਗਏ ਕਿ ਇਸ ਮੁੱਦੇ ਤੇ ਵਿਚਾਰ ਕਰਨ ਲਈ ਬੋਰਡ ਦੀ ਅਗਲੀ ਮੀਟਿੰਗ ਵਿਚ ਅਜੰਡਾ ਪੇਸ਼ ਕੀਤਾ ਜਾਵੇ।

**7ਵੀਂ ਮੀਟਿੰਗ ਦੀਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਿਚ ਸਪਲੀਮੈਂਟਰੀਡਿਪਟੀ ਸਕੱਤਰਦੀ ਅਸਾਮੀ ਭਰਨ ਬਾਰੇ।**

**ਆਈਟਮ ਨੰ:1**

ਮੈਂਬਰ ਸਕੱਤਰ ਵਲੋਂ ਦਸਿਆ ਗਿਆ ਕਿ ਬੋਰਡ ਦੀ ਮਿਆਦ ਮਿਤੀ 29.4.2012 ਨੂੰ ਖਤਮ ਹੋ ਜਾਣ ਉਪਰੰਤ, ਬੋਰਡ ਦਾ 9-10 ਮਹੀਨਿਆ ਬਾਅਦ ਹੁਣ ਨਵੇਂ ਸਿਰਿਓ ਗਠਨ ਹੋਇਆ ਹੈ। ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਡਿਪਟੀ ਸਕੱਤਰ ਦੀ ਅਸਾਮੀ ਲਈ ਕਿਰਤ ਵਿਭਾਗ ਦੇ ਤਿੰਨ ਰਿਟਾਇਰਡ ਅਧਿਕਾਰੀਆਂ ਵਲੋਂ ਅਰਜੀਆਂ ਪ੍ਰਾਪਤ ਹੋਈਆਂ,ਜਿਨ੍ਹਾਂ ਵਿਚੋਂ ਕਿਸੇ ਇਕ ਅਧਿਕਾਰੀ ਦੀ ਨਿਯੁਕਤੀ ਕਰਨ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ।ਮਾਨਯੋਗ ਚੇਅਰਮੈਨ ਦੇ ਆਦੇਸ਼ ਅਨੁਸਾਰ ਕਮੇਟੀ ਵਲੋਂ ਕੇਸ ਤਿਆਰ ਕੀਤਾ ਜਾ ਰਿਹਾ ਹੈਅਤੇ ਮੈਰਿਟ ਦੇ ਅਧਾਰ ਤੇ ਯੋਗ ਉਮੀਦਵਾਰ ਦੀ ਨਿਯੁਕਤੀ ਉਪਰੰਤ ਅਗਲੀ ਮੀਟਿੰਗ ਵਿਚ ਮੁੜ ਬੋਰਡ ਨੂੰ ਸੂਚਿਤ ਕਰ ਦਿਤਾ ਜਾਵੇਗਾ।

**8ਵੀਂ ਮੀਟਿੰਗ ਆਈਟਮ ਨੰ:3** **ਬੋਰਡ ਦੇ ਸਾਲ 2012-2013 ਦੇ ਸੋਧੇ ਬੱਜਟ ਅਤੇ ਸਾਲ 2013-2014 ਦੇ ਅਨੁਮਾਨਤ ਬੱਜਟ ਦੀ ਪ੍ਰਵਾਨਗੀ ਬਾਰੇ।**

ਮੈਂਬਰ ਸਕੱਤਰ ਵਲੋਂ ਬਜਟ ਨਾਲ ਸਬੰਧਤ ਅਜੰਡਾ ਆਈਟਮ ਦੇ ਪੰਨਾ-11 ਦੇ ਅੰਤ ਵਿਚ ਕੁਲ ਜੋੜ 'ੳ'+ 'ਅ'+ 'ੲ' ਦੇ ਸਾਹਮਣੇ ਦਰਜ ਲਾਈਨ ਵਿਚ ਦਰਸ਼ਾਏ ਅੰਕੜਿਆਂ ਨੂੰ ਬੇਲੋੜਾ ਦੱਸਦੇ ਹੋਏ ਅਣਡਿੱਠਾ (ignore) ਕਰਨ ਲਈ ਕਿਹਾ। ਬੋਰਡ ਵਲੋਂ ਸਾਲ 2012-13 ਦੇ ਸੋਧੇ ਬਜਟ ਅਤੇ ਸਾਲ 2013-14 ਦੇ ਅਨੁਮਾਨਤ ਬਜਟ ਪ੍ਰਮੁੱਖ ਸਕੱਤਰ ਕਿਰਤ ਵਲੋਂ ਦਿਤੇ ਸੁਝਾਵਾਂ ਮੁਤਾਬਕ ਹੇਠ ਲਿਖੀਆ ਮੱਦਾਂ ਵਿਚ ਸੋਧਾਂ ਨਾਲ ਪ੍ਰਵਾਨ ਕੀਤੇ ਗਏ:

**ਕਿਰਤ ਭਲਾਈ ਸਕੀਮਾਂ**

ਇਸ ਮੱਦ ਅਧੀਨ ਸਾਲ 2013 -14 ਦੇ ਅਨੁਮਾਨਤ ਬਜਟ ਵਿਚ ਲੜੀ ਨੰ: 4 ਬਾਰੇ ਇਹ ਫੈਸਲਾ ਹੋਇਆ ਕਿ ਖਤਰਨਾਕ ਬਿਮਾਰੀਆਂ ਲਈ ਖਰਚੇ ਦੀ ਪ੍ਰਤਿਪੂਰਤੀ ਸਬੰਧੀ ਸਕੀਮ ਦਾ ਖਰਚਾ ਆਰ.ਐਸ.ਬੀ.ਵਾਈ ਅਧੀਨ ਰੱਖੀ ਅਨੁਮਾਨਤ ਬੱਜਟ ਰਾਸ਼ੀ ਵਿੱਚੋਂ ਕੀਤਾ ਜਾਵੇਗਾਅਤੇ ਲੋੜ ਪੈਣ ਤੇ ਇਸ ਨੂੰ ਵਧਾਇਆ ਜਾ ਸਕਦਾ ਹੈ। ਲੜੀ ਨੰ: 11 ਤੇ ਦਰਜ ਮੱਦ **"ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡਾਂ ਦੀ ਉਸਾਰੀ"** ਅਧੀਨ ਤਜਵੀਜਤ ਬਜਟ ਦੀ ਰਾਸ਼ੀ 5 ਕਰੋੜ ਨੂੰ ਵਧਾਕੇ 10 ਕਰੋੜ ਕਰਨ ਅਤੇ ਇਸ ਦੇ ਨਾਲ ਸ਼ਹਿਰਾਂ ਵਿੱਚ ਰੈਨ-ਬਸੇਰੇ ਬਨਾਉਣ ਬਾਰੇ ਸਕੀਮ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਲਿਆ ਗਿਆ। ਇਹ ਵੀ ਫੈਸਲਾ ਹੋਇਆ ਕਿ ਇਹ ਸਕੀਮ ਸਥਾਨਕ ਸਰਕਾਰ ਵਿਭਾਗ ਨਾਲ ਤਾਲਮੇਲ ਕਰਕੇ ਬਣਾਈ ਜਾਵੇ ਅਤੇ ਇਸ ਬਾਰੇ ਪ੍ਰਮੁੱਖ ਸਕੱਤਰ ਕਿਰਤ ਵਲੋਂ ਸਬੰਧਤ ਵਿਭਾਗ ਨਾਲ ਤਾਲਮੇਲ ਕਰਨਾ ਸੁਨਿਸ਼ਚਿਤ ਕੀਤਾ ਜਾਵੇ। ਇਸੇ ਤਰ੍ਹਾਂ ਮੱਦ ਨੰ: 14 **"ਭਵਿਖ ਵਿਚ ਬਣਾਈਆਂ ਜਾਣ ਵਾਲੀਆਂ ਹੋਰ ਭਲਾਈ ਸਕੀਮਾਂ"** ਅਧੀਨ ਤਜਵੀਜਤ ਰਾਸ਼ੀ 5.00 ਕਰੋੜ ਨੂੰ ਵਧਾਕੇ 5.90 ਕਰੋੜ ਕਰਦੇ

ਹੋਏ,ਕੁਲ29.10 ਕਰੋੜ ਦੀ ਤਜਵੀਜਤ ਰਾਸ਼ੀ ਦੀ ਥਾਂ ਅਨੁਮਾਨਤ ਬਜਟ ਵਿਚ 35 ਕਰੋੜ ਰੁਪਏ ਦੀ ਰਾਸ਼ੀ ਰੱਖਣ ਦੀ ਪ੍ਰਵਾਨਗੀ ਦਿਤੀ ਗਈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਸ ਅਜੰਡਾ ਆਈਟਮ ਵਿੱਚ 'ੳ', 'ਅ' ਅਤੇ 'ੲ' ਮੁਤਾਬਕ ਬੱਜਟ ਹੇਠ ਦਰਜ ਕੀਤੇ ਅਨੁਸਾਰ ਪਾਸ ਕੀਤਾ ਗਿਆ: -

## 'ੳ' ਆਮਦਨ/ਪ੍ਰਾਪਤੀਆਂ

## (ਸਾਲ 2012-2013 ਅਤੇ 2013-2014)

(ਰਕਮ ਲੱਖਾਂ ਵਿੱਚ)

| ਲੜੀ ਨੰ: | ਰੁਦ | ਅਨੁਮਾਨਤ ਬੱਜਟ ਸਾਲ 2012-2013 | ਅਸਲ ਪ੍ਰਾਪਤੀ ਸਾਲ 2012-2013 (ਮਿਤੀ 1.4.2012 ਤੋਂ 31.1.2013) | ਸੋਧਿਆ ਅਨੁਮਾਨਤ ਬੱਜਟ ਸਾਲ 2012-2013 ਦੀ ਪ੍ਰਾਪਤੀ | ਅਨੁਮਾਨਤ ਬੱਜਟ ਸਾਲ 2013-2014 |
|---|---|---|---|---|---|
| 1 | ਸੈਸ ਖਾਤਾ | 10000 | 9960 | 12000 | 13000 |
| 2 | ਕੰਟਰੀਬਿਊਸ਼ਨ/ਰਜਿਸਟਰੇਸ਼ਨ ਫੀਸ | 5 | 66.22 | 75 | 100 |
| 2 | ਵਿਆਜ ਖਾਤਾ (ਸੇਵਿੰਗ/ ਐਫ.ਡੀ.ਆਰਜ਼/ ਆਟੋ ਸਵੀਪ ਖਾਤਾ) | 600 | 1988 | 2200 | 2500 |
| **ਕੁੱਲ ਜੋੜ** | | **10605** | **12014.22** | **14275** | **15600** |

ਨੋਟ:- ਜੇਕਰ ਸਾਲ ਦੌਰਾਨ ਭਲਾਈ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਰਕਮਾਂ ਵੰਡਣ ਵਿੱਚ ਵਾਧਾ ਹੁੰਦਾ ਹੈ ਤਾਂ ਵਿਆਜ ਖਾਤੇ ਅਧੀਨ ਆਮਦਨ ਘੱਟ ਸਕਦੀ ਹੈ।

## 'ੳ' ਖਰਚੇ/ ਅਦਾਇਗੀਆਂ ਦੇ ਵੇਰਵੇ

**(ਸਾਲ 2012-13 ਦੇ ਅਸਲ ਖਰਚੇ ਅਤੇ ਸਾਲ 2013-14 ਅਨੁਮਾਨਤ ਖਰਚੇ)**

## 1(i) ਪ੍ਰਬੰਧਕੀ ਖਰਚੇ

(ਰਕਮ ਲੱਖਾਂ ਵਿੱਚ)

| ਲੜੀ ਨੰ: | ਮੱਦ | ਅਨੁਮਾਨਤ ਬੱਜਟ ਸਾਲ 2012-13 | ਅਸਲ ਖਰਚਾ ਸਾਲ 2012-2013 (ਮਿਤੀ 1.4.2012 ਤੋਂ 31.1.2013) | ਕੁੱਲ ਸੋਧਿਆ ਅਨੁਮਾਨਤ ਬੱਜਟ ਸਾਲ 2012-2013 | ਅਨੁਮਾਨਤ ਬੱਜਟ 2013-2014 | ਵਿਸ਼ੇਸ ਕੱਥਨ |
|---|---|---|---|---|---|---|
| 1. | ਤਨਖਾਹ, ਭਤੇ ਅਤੇ ਉਜਰਤਾਂ | 120.00 | 85.62 | 115.00 | 130.00 | |
| 2. | ਦਫਤਰੀ ਖਰਚਾ | 2.00 | 1.52 | 2.00 | 3.00 | |
| 3. | ਗਡੀਆਂ ਦੀ ਇੰਸ਼ਿਓਰੈਂਸ | 2.50 | 2.09 | 2.20 | 2.00 | |
| 4. | ਬਿਜਲੀ/ਪਾਣੀ ਖਾਤਾ | 0.50 | 0.15 | 0.50 | 1.50 | |
| 5. | ਗਡੀਆਂ ਦੇ ਰੱਖ-ਰਖਾਵ ਲਈ (ਡੀਜ਼ਲ/ਸਰਵਿਸ/ਰਿਪੇਅਰ ) | 20.00 | 5.21 | 10.00 | 15.00 | |
| 6. | ਪ੍ਰਿੰਟਿੰਗ ਅਤੇ ਸਟੇਸ਼ਨਰੀ | 6.00 | 0.67 | 5.00 | 10.00 | |
| 7. | ਰੈਂਟ ਰੇਟ ਐਂਡ ਟੈਕਸਜ਼ | 2.00 | -- | -- | 0.50 | |
| 8. | ਐਂਟਰਟੇਨਮੈਂਟ | 1.00 | 0.52 | 1.00 | 1.50 | |
| 9. | ਡਾਕ ਟਿਕਟਾਂ | 3.00 | 0.50 | 0.50 | 2.00 | |
| 10. | ਸਫਰ ਭੱਤੇ | 5.00 | 0.10 | 0.20 | 3.00 | |
| 11. | ਆਡਿਟ ਫੀਸ | 2.00 | 0.71 | 1.00 | 1.50 | |
| 12. | ਟੈਲੀਫੋਨ | 1.00 | 0.16 | 0.25 | 0.50 | |
| 13. | ਫੁੱਟਕਲ ਖਰਚੇ | 2.00 | 0.66 | 1.00 | 2.00 | |
| 14. | ਸਕੀਮਾਂ ਦੇ ਪ੍ਰਚਾਰ ਤੋਂ ਇਲਾਵਾ ਐਂਡਵਰਟਾਈਜਮੈਂਟ ਦਾ ਖਰਚਾ | -- | 0.11 | 0.11 | 0.50 | |
| 15. | ਆਮਦਨਕਰ | -- | -- | 1800.00 | 5000.00 | |
| | ਜ਼ੋੜ | **167.00** | **97.35** | 1938.76 | 5173.00 | |

## 1(ii) ਕੈਪੀਟਲ ਖਰਚੇ

| | | | | | | |
|---|---|---|---|---|---|---|
| 1. | **ਫਰਨੀਚਰ/ ਫਿਕਸਚਰ** | 10.00 | 0.07 | 1.00 | 5.00 | |
| 2. | **ਕੰਪਿਊਟਰ/ ਫੋਟੋਸਟੇਟ/ ਫੈਕਸ ਮਸ਼ੀਨ ਦੀ ਖ੍ਰੀਦ ਅਤੇ ਕੰਪਿਊਟ੍ਰਾਈਜੇਸ਼ਨ ਆਦਿ** | 10.00 | 0.50 | 1.00 | 25.00 | ਬੋਰਡ ਦੀ ਕੰਪਿਊਟਰਾਈਜੇਸ਼ਨ ਕਰਨ ਲਈ ਅਤੇ ਹੋਰ ਸਮਾਨ ਖ੍ਰੀਦ ਕਰਨ ਲਈ। |
| | **ਜੋੜ** | 20.00 | 0.57 | 2.00 | 30.00 | |

## 'ੲ' ਕਿਰਤ ਭਲਾਈ ਸਕੀਮਾਂ

(ਰਕਮ ਲੱਖਾਂ ਵਿੱਚ)

| | ਅਨੁਮਾਨਤ ਬੱਜਟ ਸਾਲ 2012-2013 | ਅਸਲ ਖਰਚਾ ਸਾਲ 2012-2013 (ਮਿਤੀ 1.4.2012 ਤੋਂ 31.1.2013) | ਸੋਧਿਆ ਅਨੁਮਾਨਤ ਬੱਜਟ ਸਾਲ 2012-2013 | ਅਨੁਮਾਨਤ ਬੱਜਟ 2013-2014 | ਵਿਸ਼ੇਸ ਕੱਥਨ |
|---|---|---|---|---|---|
| 1. ਮਈ ਦਿਵਸ/ ਰਾਜ ਪੱਧਰੀ ਕਿਰਤੀ ਸੁਰਖਿਆ/ਸਹਾਇਤਾ ਸਮਾਰ'ਹ | 5.00 | -- | -- | 5.00 | |
| 2. ਐਕਸਗ੍ਰੇਸ਼ੀਆ ਸਕੀਮ | 500.00 | 21.00 | 50.00 | 200.00 | |
| 3. ਵਜੀਫਾ ਸਕੀਮ | 200.00 | 6.87 | 20.00 | 200.00 | |
| 4. ਰਾਸ਼ਟਰੀ ਸਵਾਸਥ ਬੀਮਾ ਯੋਜਨਾ (ਮੁਫਤ ਮੈਡੀਕਲ ਸਹਾਇਤਾ)/ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਦੀ ਪ੍ਰਤਿਪੂਰਤੀ ਬਾਰੇ ਸਕੀਮ | 400.00 | 1.46 | 8.00 | 200.00 | |
| 5. ਐਡਵਰਟਾਈਜ਼ਮੈਂਟ ਖਾਤਾ | 50.00 | 18.25 | 45.00 | 80.00 | |
| 6. ਕਰਜਾ ਸਕੀਮਾਂ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਲੜਕੀਆਂ ਦੀ ਸ਼ਾਦੀ ਲਈ ਵਿਆਜ ਰਹਿਤ ਕਰਜਾ | 50.00 | -- | -- | 50.00 | |
| 7. ਪੰਜੀਕ੍ਰਿਤ ਉਸਾਰੀ ਕਿਰਤੀਆਂ ਦੀ ਲੜਕੀਆਂ ਦੀ ਸ਼ਾਦੀ ਲਈ ਸ਼ਗਨ ਸਕੀਮ ₹ 5,100/- | 50.00 | 0.25 | 1.00 | 10.00 | |
| 8. ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਛੁਟੀ ਦੋਰਾਨ ਯਾਤਰਾ ਲਈ ਸਹੂਲਤ ₹ 1,000/- (ਐਲ.ਟੀ.ਸੀ) | 50.00 | 21.54 | 50.00 | 100.00 | |
| 9. ਕੰਪਿਊਟਰ, ਬਾਈਸਾਈਕਲ, ਸਿਲਾਈ ਮਸ਼ੀਨ, ਪੱਖੇ, ਟੈਲੀਵੀਜ਼ਨ ਅਤੇ ਕਣਕ ਦੀ ਖ੍ਰੀਦ ਲਈ ਬਿਨਾ ਵਿਆਜ ਕਰਜੇ<br>1. ਕੰਪਿਊਟਰ ₹ 15,000/-<br>2. ਬਾਈਸਾਈਕਲ ₹ 2,500/-<br>3. ਸਿਲਾਈਮਸ਼ੀਨ ₹ 1,000/-<br>4. ਪੱਖੇ ₹ 800/-<br>5. ਟੈਲੀਵਿਜ਼ਨ ₹ 5,000/- | 100.00 | 1.05<br>0.03 | 2.00 | 50.00 | |

| | | | | | |
|---|---|---|---|---|---|
| 6. ਕਣਕ ਅਡਵਾਂਸ₹ 2,500/- | | | | | |
| **10. ਪੰਜੀਕ੍ਰਿਤ ਉਸਾਰੀ ਕਿਰਤੀ ਦੀ ਜਾਂ ਕਿਸੇ ਪਰਿਵਾਰਿਕ ਮੈਂਬਰ ਦੀ ਮੌਤ ਹੋਣ ਉਪਰੰਤ ਪੰਜਾਬ ਰਾਜ ਵਿਚ ਉਸ ਦੇ ਦਾਹ ਸੰਸਕਾਰ ਦੇ ਖਰਚੇ ਲਈ ਵਿਤੀ ਸਹਾਇਤਾ** | -- | -- | -- | 5.00 | |
| **11. ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡਾਂ ਦੀ ਉਸਾਰੀ/ਰੈਨ-ਬਸੇਰਿਆਂ ਦੀ ਉਸਾਰੀ** | -- | -- | 50.00 | 1000.00 | |
| **12.ਪੰਜੀਕ੍ਰਿਤ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ** | -- | -- | -- | 1000.00 | |
| **13. ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ 8ਵੀਂ ਪਾਸ ਕਰਨ ਉਪਰੰਤ, ਪੰਜਾਬ ਰਾਜ ਵਿਚ 9ਵੀਂ ਜਮਾਤ ਵਿਚ ਦਾਖਲਾ ਲੈਂਣ ਤੇ ਸਾਈਕਲ ਦੀ ਖ੍ਰੀਦ ਲਈ ਬੋਰਡ ਵਲੋਂ 1000/- ਰੁਪਏ ਦੀ ਵਿਤੀ ਸਹਾਇਤਾ** | -- | -- | -- | 10.00 | |
| **14. ਭਵਿੱਖ ਵਿਚ ਬਣਾਈਆਂ ਜਾਣ ਵਾਲੀਆਂ ਹੋਰ ਭਲਾਈ ਸਕੀਮਾਂ** | -- | -- | -- | 590.00 | |
| **ਜੋੜ** | **1405.00** | **70.45** | **226.00** | **3500.00** | |

**ਆਈਟਮ ਨੰ:4** **ਬੋਰਡ ਦੇ ਸੇਵਿੰਗ ਖਾਤੇ/ ਐਫ.ਡੀ.ਆਰਜ਼ ਖਾਤਿਆ ਨੂੰ ਉਪਰੇਟ ਕਰਨ ਸਬੰਧੀ ਅਧਿਕਾਰ ਦੇਣ ਬਾਰੇ।**

ਬੋਰਡ ਵਲੋਂ ਇਸ ਆਈਟਮ ਤੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:

1. ਕਿਰਤ ਕਮਿਸ਼ਨਰਪੰਜਾਬ ਚੰਡੀਗੜ੍ਹ ਦੇ ਦਫਤਰ ਵਿਚ ਨਵ-ਨਿਯੁਕਤ ਕਿਰਤ ਤੇ ਸੁਲਾਹ ਅਫਸਰ ਨੂੰ ਬੋਰਡ ਵਿਚ ਬਤੋਰ **ਕਿਰਤ ਭਲਾਈ ਅਫਸਰ** ਨਾਮਜਦ ਕਰਨ ਦੀ ਤਜਵੀਜ ਨੂੰ ਪ੍ਰਵਾਨ ਕਰਦੇ ਹੋਏ, ਇਸ ਬਾਰੇ ਸਰਕਾਰ ਪਾਸੋਂ ਪ੍ਰਵਾਨਗੀ ਲੈਣ ਲਈ ਕਿਹਾ ਗਿਆ।

2. **ਕਿਰਤ ਭਲਾਈ ਅਫਸਰ** ਦੇ ਤੋਰ ਤੇ ਸਬੰਧਤ ਅਫਸਰ ਨੂੰ ਕਿਰਤ ਵਿਭਾਗ ਦੇ ਆਪਣੇ ਕੰਮ ਤੋਂ ਇਲਾਵਾ, ਸਕੱਤਰ/ਸਲਾਹਕਾਰ ਦੀ ਮਿਸਲ ਉਤੇ ਵਿੱਤੀ ਪ੍ਰਵਾਨਗੀ ਉਪਰੰਤ ਮਨੰਜ਼ੂਰ ਹੋਈ ਅਦਾਇਗੀ ਯੋਗ ਰਕਮਾਂ ਦੇ ਵੋਚਰਾਂ ਤੇ ਹਸਤਾਖਰ ਕਰਨ ਲਈ ਅਧਿਕਾਰ ਦੇਣ ਦੀ ਪ੍ਰਵਾਨਗੀ ਦਿਤੀ ਗਈ।

3. ਬੋਰਡ ਦੀ ਕੈਸ਼ ਬੁਕ ਤੇ ਹਸਤਾਖਰ ਕਰਨ ਲਈ **ਕਿਰਤ ਭਲਾਈ ਅਫਸਰ** ਨੂੰ ਅਧਿਕਾਰਤ ਕੀਤਾ ਗਿਆ। ਇਸ ਤੋਂ ਇਲਾਵਾ ਲੋੜ ਪੈਣ ਤੇ ਕਿਰਤ ਭਲਾਈ ਅਫਸਰ ਨੂੰਬੋਰਡ ਨਾਲ ਸਬੰਧਤ ਹੋਰ ਕੰਮ ਦੇਣ ਲਈ ਸਕੱਤਰ ਬੋਰਡ ਨੂੰ ਅਧਿਕਾਰਤ ਕੀਤਾ ਗਿਆ।

4. **ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)** ਦਫਤਰ ਕਿਰਤ ਕਮਿਸ਼ਨਰ ਦੇ ਨਾਲ **ਕਿਰਤ ਭਲਾਈ ਅਫਸਰ** ਨੂੰ ਬੋਰਡ ਦੇ ਬੈਂਕ ਖਾਤਿਆਂ ਨੂੰ ਓਪਰੇਟ ਕਰਨ ਲਈ ਸਾਝੇ ਤੋਰ ਤੇ ਚੈਕਾਂ ਤੇ ਹਸਤਾਖਰ ਕਰਨ ਲਈ ਅਧਿਕਾਰਤ ਕੀਤਾ ਗਿਆ। ਇਹ ਅਧਿਕਾਰੀ ਬੋਰਡ ਦੁਆਰਾ ਸਕੱਤਰ/ਸਲਾਹਕਾਰ ਨੂੰ ਦਿਤੇ ਹੋਏ ਅਧਿਕਾਰਾਂ ਦੀ ਸਮਰਥਾ ਮੁਤਾਬਕ ਇਨ੍ਹਾਂ ਦੀ ਵਿਤੀ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਕਿਸੇ ਤਰਾਂ ਦੀ ਪੇਮੈਂਟ ਦੀ ਅਦਾਇਗੀ ਸਬੰਧੀ ਚੈਕਾਂ ਤੇ ਸਾਂਝੇ ਤੋਰ ਤੇ ਹਸਤਾਖਰ ਕਰਨ ਲਈ ਸਮਰਥ ਹੋਣਗੇ।

5. ਸਕੱਤਰ ਬੋਰਡ ਨੂੰ ਇਹ ਵੀ ਅਧਿਕਾਰ ਦਿਤੇ ਗਏ ਕਿ ਇਨ੍ਹਾ ਦੋਹਾਂ ਅਧਿਕਾਰੀਆਂ ਦੀ ਬਦਲੀ ਹੋਣ ਤੇ ਜਾਂ ਕਿਸੇ ਹੋਰ ਕਾਰਣ ਉਨ੍ਹਾਂ ਦੀਆਂ ਅਸਾਮੀਆਂ ਖਾਲੀ ਹੋਣ ਤੇ ਇਸ ਸਬੰਧੀ ਉਹ ਆਪਣੀ ਪੱਧਰ ਤੇ ਅੰਦਰੂਨੀ ਪ੍ਰਬੰਧ ਕਰਨਗੇ ਤਾਂ ਕਿ ਬੋਰਡ ਦੇ ਕੰਮ ਵਿਚ ਠਹਿਰਾਓ ਨਾ ਆਵੇ।

**ਆਈਟਮ ਨੰ:5** **ਪੰਜਾਬ ਬਿਲਡਿੰਗ ਐਂਡ ਅਦਰ ਕੰਸ਼ਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਮਿਤੀ 1.4.2012 ਤੋਂ 31.1.2013 ਤੱਕ ਦੀ ਕਾਰਗੁਜਾਰੀ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ ਮਿਤੀ 1.3.2012 ਤੋਂ 31.1.2013 ਤੱਕ ਗਤਿਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿਤੀ ਗਈ। ਸੈਸ ਦੀ ਪ੍ਰਾਪਤੀ ਸਬੰਧੀ ਅੰਕੜਿਆਂ ਦਾ ਪ੍ਰੇਖਣ ਕਰਦੇ ਹੋਏ ਮੈਂਬਰ ਸਾਹਿਬਾਨ ਵਲੋਂ ਇਸ ਗੱਲ ਤੇ ਜ਼ੋਰ ਦਿਤਾ ਗਿਆ ਕਿ ਉਸਾਰੀ ਅਦਾਰਿਆਂ ਤੋਂ ਸੈਸ ਦੀ ਬਣਦੀ ਰਕਮ ਪ੍ਰਾਪਤ ਕਰਨ ਲਈ ਵਿਭਾਗ ਨੂੰ ਵਧੇਰੇ ਯਤਨ ਕਰਨੇ ਚਾਹੀਦੇ ਹਨ। ਮੈਂਬਰ ਸਕੱਤਰ-ਕਮ- ਕਿਰਤ ਕਮਿਸ਼ਨਰ ਵਲੋਂ ਦਸਿਆ ਗਿਆ ਕਿ ਸੈਸ ਦੀ ਕੁਲੈਕਸ਼ਨ ਕਰਨ ਅਤੇ ਸੈਸ ਦੀ ਅਸੈਸਮੈਂਟ ਕਰਨ ਲਈ ਸਰਕਾਰ ਵਲੋਂ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ 'ਸੈਸ ਕੁਲੈਕਟਰ' ਅਤੇ 'ਅਸੈਸਿੰਗ ਅਫਸਰ' ਘੋਸ਼ਿਤ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਕਾਰਵਾਈ ਉਪਰੰਤ ਬੋਰਡ ਨੂੰ ਜਾਣੂੰ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇਸ ਆਈਟਮ ਅਧੀਨ ਬੋਰਡ ਦੀ ਬਿਲਡਿੰਗ ਸ਼ਿਫਟ ਕਰਨ ਅਤੇ ਇਸ ਦੇ ਬਿਜਲੀ ਬਿਲ ਦੀ ਬੋਰਡ/ਸਰਕਾਰ ਵਲੋਂ ¾ ਅਤੇ ¼ ਦੇ ਪ੍ਰਸਪਰ ਅਨੁਪਾਤ ਵਿਚ ਅਦਾਇਗੀ ਕਰਨ ਬਾਰੇ ਕਿਰਤ ਕਮਿਸ਼ਨਰ ਪੰਜਾਬ ਵਲੋਂ 7.12.12 ਦੇ ਲਏ ਫੈਸਲੇ ਅਨੁਸਾਰ ਕੀਤੀ ਕਾਰਵਾਈ ਨੂੰ ਬੋਰਡ ਵਲੋਂ ਸਹਿਮਤੀ ਦਿਤੀ ਗਈ

**ਆਈਟਮ ਨੰ:6** **ਸਾਲ 2009-10 ਦੇ ਸੋਧੇ ਹੋਏ ਲੇਖਿਆਂ ਬਾਰੇ।**

ਬੋਰਡ ਦੇ ਸਾਲ 2009-10 ਦੇ ਸੋਧੇ ਲੇਖੇ, ਜਿਨ੍ਹਾ ਵਿਚ 2008-09 ਦੇ ਲੇਖੇ ਸ਼ਾਮਲ ਹਨ, ਅਜੰਡੇ ਵਿਚ**ਅਨੁਲੱਗ 'ੳ'** ਅਨੁਸਾਰ ਬੋਰਡ ਵਲੋਂ ਪ੍ਰਵਾਨ ਕੀਤੇ ਗਏ। ਅਜੰਡਾ ਆਈਟਮ ਦੇ ਬਾਕੀ ਸੁਝਾਵਾਂ ਨੂੰ ਵੀ ਬੋਰਡ ਵਲੋਂ ਪ੍ਰਵਾਨ ਕੀਤਾ ਗਿਆ। ਆਮਦਨਕਰ ਵਿਭਾਗ ਵਲੋਂ ਜਾਰੀ ਆਦੇਸ਼ਾਂ ਮੁਤਾਬਕ ਬੋਰਡ ਦੇ ਅਸੈਸਮੈਂਟ ਸਾਲ 2010-11 ਦੇ ਬਣਦੇ ਇਨਕਮ ਟੈਕਸ ਦੀ ਰਕਮ ਨੂੰ ਦੋ ਕਿਸ਼ਤਾ ਵਿਚ ਮਿਤੀ 15.3.2013 ਅਤੇ 30.3.2013 ਤੱਕ ਜਮਾਂ ਕਰਾਉਂਣ ਦੀ ਵੀ ਬੋਰਡ ਵਲੋਂ ਪ੍ਰਵਾਨਗੀ ਦਿਤੀ ਗਈ।

**ਆਈਟਮ ਨੰ:7** **ਬੋਰਡ ਵਲੋਂ ਲੇਬਰ ਸ਼ੈਡ ਬਨਾਉਣ ਸਬੰਧੀ ਸਕੀਮ।**

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੋਰਡ ਵਲੋਂ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ, 1996 ਦੀ ਧਾਰਾ 22 (2) ਵਿੱਚ ਦਰਜ ਉਪਬੰਧਾਂ ਨੂੰ ਮੁੱਖ ਰੱਖਕੇ ਸਕੀਮ ਦੀ ਸਿਧਾਂਤਕ ਪ੍ਰਵਾਨਗੀ ਦਿੰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ: -

1. ਕਾਲਜ ਆਫ ਆਰਕੀਟੈਕਟ, ਚੰਡੀਗੜ੍ਹ ਤੋਂ ਲੇਬਰ ਸ਼ੈਡਾਂ ਲਈ ਹੇਠ ਦੱਸੇ ਅਨੁਸਾਰ ਬਣਵਾਏ ਤਿੰਨ ਮਾਡਲ ਨਕਸ਼ਿਆਂ, ਸਾਈਜ਼ ਅਤੇ ਉਨ੍ਹਾਂ ਤੇ ਆਉਣ ਵਾਲੇ ਅੰਦਾਜ਼ਨ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ: -

| S.No. | Type of Shed | Size | Appx plot/ land size required | Approx Cost (Rs.) |
|---|---|---|---|---|
| 1. | 50 persons | 48'6"x21'0" | 70'0"x35'0" | 16,15,000/- |
| 2. | 100 persons | 50'3"x31'0" | 70'0"x45'0" | 24,60,600/- |
| 3. | 150 persons | 60'3"x36'6" | 75'0"x50'0" | 29,58,000/- |

2. ਇਹ ਵੀ ਫੈਸਲਾ ਹੋਇਆ ਕਿ ਲੇਬਰ ਸ਼ੈਡ ਦੀ ਉਸਾਰੀ ਲੋਕਲ ਅਥਾਰਟੀ ਜਿਵੇਂ ਕਿ ਮਿਉਂਸਪਲ ਕਮੇਟੀ, ਇੰਪਰੂਵਮੈਂਟ ਟ੍ਰਸਟ, ਮਿਉਂਸਪਲ ਕਾਰਪੋਰੇਸ਼ਨ, ਗਰਾਮ-ਪੰਚਾਇਤ ਜਾਂ ਸਰਕਾਰ ਵਲੋਂ ਪ੍ਰਵਾਨਤ ਅਜਿਹੀ ਹੋਰ ਅਥਾਰਟੀ ਵਲੋਂ ਮੁਹੱਈਆ ਕਰਵਾਈ ਜਮੀਨ ਉਤੇ ਢੁੱਕਵੀਂ ਥਾਂ ਜਿਥੇ ਕਿ ਉਸਾਰੀ ਕਿਰਤੀ ਕੰਮ ਦੀ ਭਾਲ ਵਿਚ ਇਕੱਠੇ ਹੁੰਦੇ ਹਨ, ਵਲੋਂ ਕੀਤੀ ਜਾਵੇਗੀ। ਇਸ ਮੰਤਵ ਲਈ ਬੋਰਡ ਵਲੋਂ ਸਬੰਧਤ ਲੋਕਲ ਅਥਾਰਟੀ ਨੂੰ ਉਸਾਰੀ ਉਤੇ ਕੀਤੇ ਖਰਚੇ ਸਬੰਧੀ ਨਿਰਧਾਰਿਤ ਰਾਸ਼ੀ ਬਤੌਰ 'ਸਬਸਿਡੀ' ਦਿਤੀ ਜਾਵੇਗੀ।

ਬੋਰਡ ਵਲੋਂ ਲੇਬਰ ਸ਼ੈਡ ਬਨਾਉਣ ਲਈ ਉਪਰੋਕਤ ਅਨੁਸਾਰ ਸਿਧਾਂਤਕ ਪ੍ਰਵਾਨਗੀ ਦਿੰਦੇ ਹੋਏ ਇਸ ਸਕੀਮ ਨੂੰ ਲਾਗੂ ਕਰਨ ਲਈ ਹੇਠ ਲਿਖੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ: -

1. ਲੋਕਲ ਅਥਾਰਟੀ ਜਿਵੇਂ ਮਿਉਂਸਪਲ ਕਮੇਟੀ, ਇਪਰੂਵਮੈਂਟ ਟ੍ਰਸ਼ਟ, ਮਿਉਂਸਪਲ ਕਾਰਪੋਰੇਸ਼ਨ, ਗਰਾਮ-ਪ੍ਰਚਾਇਤ ਜਾਂ ਸਰਕਾਰ ਵਲੋਂ ਪ੍ਰਵਾਨਤ ਅਜਿਹੀ ਹੋਰ ਅਥਾਰਟੀ ਨੂੰ ਅਪਣੀ ਜਮੀਨ ਉਤੇ 'ਲੇਬਰ ਸ਼ੈਡ' ਬਨਾਉਂਣ ਲਈ ਅਪਣੇ ਜਿਲੇ ਦੇ ਡਿਪਟੀ ਕਮਿਸ਼ਨਰ ਰਾਹੀਂ ਲਿਖਤੀ ਅਰਜੀ ਬੋਰਡ ਨੂੰ ਭੇਜਣੀ ਪਵੇਗੀ, ਜਿਸ ਵਿਚ ਲੋਕਲ ਅਥਾਰਟੀ ਵਲੋਂ ਇਹ ਸਰਟੀਫਿਕੇਟ ਦਿਤਾ ਜਾਵੇਗਾ ਕਿ ਉਸਾਰੀ ਕਿਰਤੀਆਂ ਲਈ 'ਲੇਬਰ ਸ਼ੈਡ' ਲਈ ਪ੍ਰਸਤਾਵਿਤ ਜਮੀਨ ਹਰ ਪੱਖੋਂ ਢੁੱਕਵੀਂ ਹੈ । ਇਹ ਵੀ ਫੈਸਲਾ ਹੋਇਆ ਕਿ ਕਿਉਂ ਜੋ ਲੋਕਲ ਅਥਾਰਿਟੀ ਵਲੋਂ ਸ਼ਹਿਰਾਂ ਵਿੱਚ ਜ਼ਮੀਨ ਮੁਫ਼ਤ ਉਪਲਬਧ ਕਰਵਾਈ ਜਾਵੇਗੀ, ਜਿਸ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ, ਇਸ ਲਈ ਲੇਬਰ ਸ਼ੈਡ ਦੇ ਨਿਰਮਾਣ ਉੱਤੇ ਆਉਣ ਵਾਲਾ 100% ਖਰਚਾ ਬੋਰਡ ਵਲੋਂ ਲੋਕਲ ਅਥਾਰਿਟੀ ਨੂੰ **ਸਬਸਿਡੀ** ਦੇ ਰੂਪ ਵਿੱਚ ਐਡਵਾਂਸ ਅਦਾ ਕੀਤਾ ਜਾਵੇਗਾ ਅਤੇ ਫੰਡ ਟ੍ਰਾਂਸਫਰ ਕਰਦੇ ਸਮੇਂ ਇਹ ਸ਼ਰਤ ਲਗਾਈ ਜਾਵੇਗੀ ਕਿ ਲੋਕਲ ਅਥਾਰਿਟੀ ਵਲੋਂ ਇਨ੍ਹਾਂ ਫੰਡਾਂ ਦਾ ਵਖਰਾ ਅਕਾਊਂਟ ਰੱਖਿਆ ਜਾਵੇਗਾ ਅਤੇ ਇਨ੍ਹਾਂ ਨੂੰ ਲੋਕਲ ਅਥਾਰਿਟੀ ਦੇ ਕਿਸੇ ਹੋਰ ਫੰਡਾਂ ਵਿੱਚ ਰਲਾਇਆ ਨਹੀਂ ਜਾਵੇਗਾ।
2. ਬੋਰਡ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ ਜਿਵੇਂ ਅਜੰਡੇ ਵਿੱਚ ਤਜਵੀਜ਼ ਕੀਤਾ ਗਿਆ ਹੈ, ਸ਼ੈਡ ਉਸੇ ਥਾਂ ਤੇ ਬਨਾਉਣਾ ਚਾਹੀਦਾ ਹੈ ਜਿਥੇ ਕਿ ਕਿਰਤੀ ਕੰਮ ਦੀ ਭਾਲ ਲਈ ਖੜੇ ਹੁੰਦੇ ਹਨ। ਇਸ ਤੋਂ ਇਲਾਵਾ ਲੋਕਲ ਅਥਾਰਟੀ ਵਲੋਂ ਅਪਣੀ ਅਰਜੀ ਵਿਚ ਇਹ ਸਰਟੀਫਿਕੇਟ ਦੇਣਾਂ ਹੋਵੇਗਾ ਕਿ 'ਲੇਬਰ ਸ਼ੈਡ' ਬੋਰਡ ਵਲੋਂ ਪ੍ਰਵਾਨਤ ਮਾਡਲ ਨਕਸ਼ੇ, ਸਾਈਜ ਅਤੇ ਪ੍ਰਵਾਨਤ ਰਕਮ ਅਨੁਸਾਰ ਬਣਾਇਆ ਜਾਵੇਗਾ ਅਤੇ ਉਹ ਕੇਵਲ 'ਉਸਾਰੀ ਕਿਰਤੀਆਂ' ਦੀ ਭਲਾਈ ਲਈ ਹੀ ਵਰਤਿਆ ਜਾਵੇਗਾ। ਲੋਕਲ ਅਥਾਰਟੀ ਵਲੋਂ ਇਹ ਸਰਟੀਫਿਕੇਟ ਦੇਣ ਤੋਂ ਬਾਦ ਹੀ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਅਨੁਸਾਰ ਬੋਰਡ ਵਲੋਂ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਰਾਹੀਂ ਸਬਸਿਡੀ ਦੀ ਰਕਮ ਰਿਲੀਜ਼ ਕੀਤੀ ਜਾਵੇਗੀ।
3. ਇਹ ਵੀ ਫੈਸਲਾ ਹੋਇਆ ਕਿ ਲੇਬਰ ਸ਼ੈਡ ਮੁਕੰਮਲ ਹੋਂਣ ਉਪਰੰਤ ਲੋਕਲ ਅਥਾਰਟੀ ਵਲੋਂ 'ਵਰਤੋਂ ਸਰਟੀਫਿਕੇਟ' ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਨੂੰ ਦੇਣਾਂ ਹੋਵੇਗਾ ਜਿਹੜੇ ਕਿ ਅਪਣੇ ਪ੍ਰਤਿ-ਹਸਤਾਖਰ ਕਰਨ ਉਪਰੰਤ ਬੋਰਡ ਦੇ ਸਦਰ ਦਫਤਰ ਨੂੰ ਭੇਜਣਗੇ।
4. ਇਹ ਵੀ ਫੈਸਲਾ ਹੋਇਆ ਕਿ ਲੇਬਰ ਸ਼ੈਡ ਉਤੇ ਬੋਰਡ ਦਾ ਨਾਂ ਲਿਖਵਾਇਆ ਜਾਵੇਗਾ ਅਤੇ ਲੇਬਰ ਸ਼ੈਡ ਦੇ ਅੰਦਰ ਇਕ ਬੋਰਡ ਲਟਕਾਇਆ ਜਾਵੇਗਾ ਜਿਸ ਉਤੇ ਉਸਾਰੀ ਕਿਰਤੀਆਂ ਦੀ ਜਾਣਕਾਰੀ ਲਈ 'ਭਲਾਈ ਸਕੀਮਾਂ' ਦੇ ਵੇਰਵੇ ਦਰਜ ਕੀਤੇ ਜਾਣਗੇ।
5. ਬੋਰਡ ਵਲੋਂ ਇਹ ਵੀ ਵਿਚਾਰ ਕੀਤਾ ਗਿਆ ਕਿ ਲੇਬਰ ਸ਼ੈਡ ਦੇ ਰੱਖ-ਰਖਾਵ ਨੂੰ ਸੁਨਿਸ਼ਚਿਤ ਕਰਨਾ ਬਹੁਤ ਜ਼ਰੂਰੀ ਹੈ, ਵਰਨਾ ਕੁਝ ਸਮੇਂ ਉਪਰੰਤ ਦੇਖ-ਰੇਖ ਨਾ ਹੋਣ ਕਾਰਣ ਇਹ ਸੰਪਤੀ ਵਰਤੋਂ ਯੋਗ ਨਹੀਂ ਰਹੇਗੀ। ਵਿਚਾਰ ਕਰਨ ਉਪਰੰਤ ਇਹ ਫੈਸਲਾ ਹੋਇਆ ਕਿ ਇਸ ਦੇ ਰੱਖ-ਰਖਾਵ ਦੀ ਜਿੰਮੇਵਾਰੀ ਸਬੰਧਤ ਲੋਕਲ ਅਥਾਰਿਟੀ ਦੀ ਹੋਣੀ ਚਾਹੀਦੀ ਹੈ। ਮੀਟਿੰਗ ਵਿੱਚ ਸਥਾਨਕ ਸਰਕਾਰ ਵਿਭਾਗ ਦੇ ਨੁਮਾਇੰਦੇ ਵਲੋਂ ਕਿਹਾ ਗਿਆ ਕਿ ਰੱਖ-ਰਖਾਵ ਲਈ ਫੰਡਜ਼ ਕਿਸ ਤਰੀਕੇ ਨਾਲ ਉਪਲਬਧ ਕਰਵਾਏ ਜਾਣਗੇ, ਬਾਰੇ ਵੀ ਵਿਚਾਰ ਕਰਨਾ ਉਚਿਤ ਹੋਵੇਗਾ। ਬੋਰਡ ਵਲੋਂ ਇਸ ਗੱਲ ਦੀ ਸਹਿਮਤੀ ਦਿੱਤੀ ਗਈ ਕਿ ਲੇਬਰ ਸ਼ੈਡ ਦੀ ਬਾਹਰੀ ਦੀਵਾਰਾਂ ਤੇ ਕਿਸੇ ਐਜੰਸੀ/ਕੰਪਨੀ ਜਾਂ ਤੀਜੀ ਧਿਰ ਵਲੋਂ ਆਪਣੇ ਪ੍ਰੋਡਕਟ ਦੀ ਮਸ਼ਹੂਰੀ ਲਈ ਇਸ਼ਤਿਹਾਰ ਲਗਾਏ ਜਾ ਸਕਦੇ ਹਨ, ਜਿਸ ਦਾ ਕਿਰਾਇਆ ਲੋਕਲ ਅਥਾਰਿਟੀ ਵਲੋਂ ਲੇਬਰ ਸ਼ੈਡ ਦੇ 'ਰੱਖ-ਰਖਾਵ' ਦੇ ਮੰਤਵ ਲਈ ਵਸੂਲ ਕੀਤਾ ਜਾ ਸਕਦਾ ਹੈ। ਬੋਰਡ ਵਲੋਂ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਇਸ਼ਤਿਹਾਰ/ਵਿਗਿਆਪਨ ਲਗਾਉਣ ਲਈ "ਫਰੇਮ ਦਾ ਡਿਜ਼ਾਈਨ" ਬੋਰਡ ਦੇ ਖਰਚੇ ਤੇ ਬੋਰਡ ਵਲੋਂ ਤਿਆਰ ਕਰਵਾਇਆ ਜਾਵੇਗਾ ਅਤੇ ਫਰੇਮ ਦਾ ਡਿਜ਼ਾਈਨ ਤਿਆਰ ਕਰਵਾਕੇ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇਗਾ। ਬੋਰਡ ਵਲੋਂ ਵਿਚਾਰ ਕਰਨ ਉਪਰੰਤ ਇਹ ਵੀ ਫੈਸਲਾ ਕੀਤਾ ਗਿਆ ਕਿ ਲੇਬਰ

ਸ਼ੈਡ ਦੇ ਰੱਖ ਰਖਾਵ ਸਬੰਧੀ ਫੈਸਲਾ ਕਰਨ ਲਈ ਪ੍ਰਮੁੱਖ ਸਕੱਤਰ ਕਿਰਤ ਦੀ ਪੱਧਰ ਤੇ ਸਥਾਨਕ ਸਰਕਾਰ ਵਿਭਾਗ ਆਦਿ ਦੇ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਸ ਬਾਰੇ ਅੰਤਿਮ ਤਜਵੀਜ਼ ਤਿਆਰ ਕਰ ਲਈ ਜਾਵੇ ਅਤੇ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੁਕੰਮਲ ਤਜਵੀਜ਼ ਬੋਰਡ ਦੀ ਅਗਲੀ ਮੀਟਿੰਗ ਵਿੱਚ ਅਜੰਡਾ ਆਈਟਮ ਦੇ ਰੂਪ ਵਿੱਚ ਪੇਸ਼ ਕੀਤੀ ਜਾਵੇ।

6. ਇਹ ਵੀ ਵਿਚਾਰ ਕੀਤਾ ਗਿਆ ਕਿ ਹੋ ਸਕਦਾ ਹੈ ਕਿ ਜਿਥੇ ਲੋਕਲ ਅਥਾਰਿਟੀ ਵਲੋਂ ਲੇਬਰ ਸ਼ੈਡ ਦੀ ਉਸਾਰੀ ਕੀਤੀ ਜਾਣੀ ਹੈ, ਉਥੇ ਬੋਰਡ ਵਲੋਂ ਪ੍ਰਵਾਨਤ ਨਕਸ਼ੇ ਅਨੁਸਾਰ ਜਗ੍ਹਾ ਉਪਲਬਧ ਨਾ ਹੋਵੇ। ਬੋਰਡ ਵਲੋਂ ਫੈਸਲਾ ਕੀਤਾ ਗਿਆ ਕਿ ਅਜਿਹੀ ਸਥਿਤੀ ਵਿੱਚ ਲੋਕਲ ਅਥਾਰਿਟੀ ਨੂੰ ਆਪਣੇ ਪਾਸ ਉਪਲਬਧ ਜਗ੍ਹਾ ਮੁਤਾਬਕ ਬੋਰਡ ਦੁਆਰਾ ਪ੍ਰਵਾਨਤ ਨਕਸ਼ੇ ਦੇ ਸਾਰੇ ਮੁੱਖ ਫੀਚਰ ਸ਼ਾਮਲ ਕਰਦੇ ਹੋਏ, ਜਿਸ ਵਿੱਚ ਉਸਾਰੀ ਕਿਰਤੀਆਂ ਦੇ ਬੈਠਣ ਲਈ ਬੈਂਚ, ਟਾਇਲਟ ਅਤੇ ਪੀਣ ਦੇ ਪਾਣੀ ਦੀ ਵਿਅਵਸਥਾ ਹੋਵੇ, ਅਨੁਸਾਰ ਢੁੱਕਵਾਂ ਨਕਸ਼ਾ ਤਿਆਰ ਕਰਕੇ ਉਸਾਰੀ ਕਰਨ ਤੋਂ ਪਹਿਲਾਂ ਬੋਰਡ ਦੀ ਪੂਰਵ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

ਇਸ ਸਕੀਮ ਤੇ ਵਿਚਾਰ ਵਟਾਂਦਰੇ ਦੋਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਬੋਰਡ ਵਲੋਂ ਰਾਜ ਵਿੱਚ ਉਸਾਰੀ ਕਿਰਤੀਆਂ ਲਈ ਲੇਬਰ ਸ਼ੈਡਾਂ ਤੋਂ ਇਲਾਵਾ, ਰੈਨ-ਬਸੇਰੇ ਵੀ ਬਣਾਏ ਜਾਣੇ ਚਾਹੀਦੇ ਹਨ, ਜਿਸ ਲਈ ਨਿਯਮਾਂ ਅਨੁਸਾਰ ਸਰਕਾਰ ਦੀ ਪ੍ਰਵਾਨਗੀ ਲੈਣ ਉਪਰੰਤ ਅਜੰਡਾ ਆਈਟਮ ਬੋਰਡ ਦੇ ਵਿਚਾਰਨ ਲਈ ਪੇਸ਼ ਕੀਤੀ ਜਾਵੇ।

**ਆਈਟਮ ਨੰ:8** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫਅਰ ਬੋਰਡ ਵੱਲੋਂ ਚਲਾਈਆਂ ਜਾ ਰਹੀਆਂ ਵਜੀਫਾ ਅਤੇ ਕਰਜਾ ਸਕੀਮਾਂ ਵਿਚ ਸੋਧਾਂ ਬਾਰੇ।**

ਮਿਤੀ 24.5.2012 ਨੂੰ ਕਿਰਤ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਬੋਰਡ ਦੀਆਂ ਮੋਜੂਦਾ ਕਿਰਤ ਭਲਾਈ ਸਕੀਮਾਂ (ਵਜੀਫਾ ਸਕੀਮ, ਵਿੱਤੀ ਸਹਾਇਤਾ ਅਤੇ ਕਰਜਾ ਸਕੀਮਾਂ) ਦੀਆਂ ਮੋਜੂਦਾ ਦਰਾਂ ਵਿਚ ਵਾਧਾ ਕਰਨ ਬਾਰੇ ਲਏ ਫੈਸਲੇ ਅਨੁਸਾਰ ਇਸ ਆਈਟਮ ਵਿਚ ਪੇਸ਼ ਕੀਤੀ ਤਜਵੀਜ ਨੂੰ ਪ੍ਰਵਾਨ ਕਰਦੇ ਹੋਏ ਸਕੀਮ ਵਾਈਜ ਹੇਠ ਲਿਖੇ ਅਨੁਸਾਰ ਰੇਟਾਂ/ਵਿੱਤੀ ਸਹਾਇਤਾ ਵਿਚ ਵਾਧਾ ਕਰਨ ਵੀ ਪ੍ਰਵਾਨਗੀ ਦਿਤੀ ਗਈ:

**(ੳ) 'ਵਜੀਫਾ ਸਕੀਮ'**

| **ਲੜੀ ਨੰ:** | **ਕਲਾਸ** | ਬੋਰਡ ਮੋਜੂਦਾ ਪ੍ਰਵਾਨਤ ਦਰਾਂ | ਸੋਧ ਅਨੁਸਾਰ ਮੰਜੂਰ ਹੋਈਆਂ ਦਰਾਂ |
|---|---|---|---|
| 1. | ਪਹਿਲੀ ਕਲਾਸ ਤੋਂ 5ਵੀਂ ਕਲਾਸ ਲਈ | ₹ 75/- ਪ੍ਰਤੀ ਮਹੀਨਾ | ₹ 150/- ਪ੍ਰਤੀ ਮਹੀਨਾ |
| 2. | ਛੇਵੀਂ ਕਲਾਸ ਤੋਂ ਅਠਵੀਂ ਕਲਾਸ ਲਈ | ₹ 100/- ਪ੍ਰਤੀ ਮਹੀਨਾ | ₹ 200/- ਪ੍ਰਤੀ ਮਹੀਨਾ |
| 3. | 9ਵੀਂ, 10ਵੀਂ, +1 ਅਤੇ +2 | ₹ 1500/- ਪ੍ਰਤੀ ਸਾਲ | ₹ 3000/- ਪ੍ਰਤੀ ਸਾਲ |
| 4. | ਕਾਲਜ ਵਿਦਿਆਰਥੀ ਬੀ.ਏ/ ਬੀ.ਐਸ.ਸੀ/ ਐਮ.ਏ./ ਐਮ.ਐਸ.ਸੀ./ਬੀ.ਸੀ.ਏ/ਐਮ.ਸੀ.ਏ | ₹ 1800/- ਪ੍ਰਤੀ ਸਾਲ | ₹ 3600/- ਪ੍ਰਤੀ ਸਾਲ (ਹਰ ਤਰਾਂ ਦੀ ਗ੍ਰੈਜੂਏਸ਼ਨ/ ਪੋਸਟ ਗ੍ਰੈਜੂਏਸ਼ਨ) |
| 5. | ਆਈ.ਟੀ.ਆਈ./ ਪਾਲੀਟੈਕਨਿਕ ਵਿੱਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ | ₹ 1800/- ਪ੍ਰਤੀ ਸਾਲ | ₹ 3600/- ਪ੍ਰਤੀ ਸਾਲ |
| 6. | ਮੈਡੀਕਲ/ ਇੰਜੀਨਅਰਿੰਗ ਡਿਗਰੀ ਕੋਰਸਾਂ | ₹ 15,000/- ਪ੍ਰਤੀ ਸਾਲ | ₹ 30,000/- ਪ੍ਰਤੀ ਸਾਲ(ਹਰ ਤਰਾਂ ਦੀ ਮੈਡੀਕਲ/ਇੰਜਨੀਰਿੰਗ ਡਿਗਰੀ ਪੜਾਈ) |

**(ਅ) ਵਿਤੀ ਸਹਾਇਤਾ ਸਕੀਮਾਂ**

| ਲੜੀ ਨੰ: | ਸਕੀਮ ਦਾ ਨਾਂ | ਦੇਆਰਾ ਮੋਜੂਦਾ ਪ੍ਰਵਾਨਤ ਦਰਾਂ | ਸੋਧ ਅਨੁਸਾਰ ਮੰਨਜੂਰ ਹੋਈਆਂ ਦਰਾਂ |
|---|---|---|---|
| 1 | ਲੜਕੀ ਦੀ ਸ਼ਾਦੀ ਲਈ ਸ਼ਗਨ ਸਕੀਮ | 51,00 | 11,000 |
| 2 | ਐਲ.ਟੀ.ਸੀ | 1,000 | 2,000 |

**(ੲ) ਕਰਜਾ ਸਕੀਮਾਂ**

| ਲੜੀ ਨੰ: | ਸਕੀਮ ਦਾ ਨਾਂ | ਪ੍ਰਵਾਨਤ ਮੌਜੂਦਾ ਦਰਾਂ | ਸੋਧ ਅਨੁਸਾਰ ਮੰਨਜੂਰ ਦਰਾਂ |
|---|---|---|---|
| | ੳ) ਲੜਕੀ ਦੀ ਸ਼ਾਦੀ ਲਈ ਕਰਜਾ<br>ਅ) ਟੈਲੀਵਿਜਨ<br>ੲ) ਕੰਪਿਊਟਰ<br>ਸ) ਕਣਕ ਐਡਵਾਂਸ | 30,000<br>5,000<br>15,000<br>2,500 | 60,000<br>10,000<br>20,000<br>5,000 |

ਇਹ ਵੀ ਫੈਸਲਾ ਹੋਇਆ ਕਿ ਬੋਰਡ ਦੇ ਰਜਿਸਟਰਡ ਲਾਭਪਾਤਰੀ ਨੂੰ ਭਾਵੇਂ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾਂ ਤੋਂ ਕੋਈ ਲਾਭ ਮਿਲ ਰਿਹਾ ਹੋਵੇ, ਤਾਂ ਵੀ ਉਸ ਨੂੰ ਬੋਰਡ ਦੀਆਂ ਸਕੀਮਾਂ ਦਾ ਪੂਰਾ ਲਾਭ ਦਿਤਾ ਜਾਵੇਗਾ।

ਉਪਰੋਕਤ ਦਰਜ ਮਿਤੀ 24.5.2012 ਦੀ ਮੀਟਿੰਗ ਵਿੱਚ ਪੰਜਾਬ ਲੇਬਰ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂਭਲਾਈ ਸਕੀਮਾਂ ਦੇ ਅਧਾਰ ਤੇਹੇਠ ਲਿਖੀਆਂ ਨਵੀਆਂ ਸਕੀਮਾਂ ਬਨਾਉਣ ਬਾਰੇ ਵੀ ਫੈਸਲਾ ਲਿਆ ਗਿਆ: -

| ਲੜੀ ਨੰ: | ਸਕੀਮ ਦਾ ਨਾਂ | ਮੰਜੂਰ ਕੀਤੀ ਜਾਣ ਵਾਲੀ ਰਾਸ਼ੀ (ਰੁਪਏ) |
|---|---|---|
| | ਹ) ਮੋਟਰ ਸਾਈਕਲ ਕਰਜਾ<br>ਕ) ਐਨਕ<br>ਖ) ਡੈਂਚਰ<br>ਗ) ਸੁਣਨਯੰਤਰ | 45,000<br>800<br>5,000<br>6,000 |
| 4 | ਜਨਰਲ ਸਰਜਰੀ (ਵਿਤੀ ਸਹਾਇਤਾ) | 20,000 |
| 5 | ਮ੍ਰਿਤਕ ਬਾਡੀ ਲਿਜਾਣ ਲਈ ਖਰਚਾ (ਵਿਤੀ ਸਹਾਇਤਾ) | 10,000 ਜਾ ਅਸਲ ਖਰਚਾ ਜੋ ਵੀ ਘੱਟ ਹੋਵੇ |

ਇਸ ਬਾਰੇ ਮੈਂਬਰ ਸਕੱਤਰ ਵਲੋਂ ਮੈਂਬਰਾਂਨ ਨੂੰ ਦੱਸਿਆ ਗਿਆ ਕਿ ਮਿਤੀ 9.8.2012 ਨੂੰ ਵਿਭਾਗੀ ਅਧਿਕਾਰੀਆਂ ਨਾਲ ਹੋਈ ਰਿਵਿਊ ਮੀਟਿੰਗ ਵਿੱਚ ਪੂਰਬਲੇ ਪ੍ਰਮੁੱਖ ਸਕੱਤਰ ਜੀ ਵਲੋਂ ਬੋਰਡ ਦੀਆਂ ਭਲਾਈ ਸਕੀਮਾਂ ਅਤੇ ਉਨ੍ਹਾਂ ਅਧੀਨ ਨਿਰਧਾਰਿਤ ਸ਼ਰਤਾਂ ਦੀ ਪੜਚੋਲ ਕਰਕੇ ਲੋੜ ਅਨੁਸਾਰ ਸੋਧਾਂ ਕਰਨ ਸਬੰਧੀ ਸਿਫ਼ਾਰਸ਼ਾ ਕਰਨ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਕਮੇਟੀ ਵਲੋਂ ਆਪਣੀ ਰਿਪੋਰਟ ਮਿਤੀ 14.1.2013 ਨੂੰ ਪੇਸ਼ ਕਰ ਦਿੱਤੀ ਗਈ ਹੈ, ਜੋ ਕਿ ਵਿਚਾਰ ਕਰਨ ਉਪਰੰਤ ਨਿਯਮਾਂ ਅਨੁਸਾਰ ਪ੍ਰਵਾਨਗੀ ਦੇਣ ਲਈ ਸਰਕਾਰ ਨੂੰ ਭੇਜੀ ਹੋਈ ਹੈ: -

ਮੈਂਬਰ ਸਕੱਤਰ ਵਲੋਂ ਦੱਸੀ ਸਥਿਤੀ ਨੂੰ ਮੁੱਖ ਰੱਖਦੇ ਹੋਏ ਬੋਰਡ ਵਲੋਂ ਕਿਹਾ ਗਿਆ ਕਿ ਉਪਰੋਕਤ ਦੇ ਸਬੰਧ ਵਿੱਚ ਕਮੇਟੀ ਵਲੋਂ ਪੇਸ਼ ਕੀਤੀਆਂ ਪ੍ਰਸਤਾਵਿਤ ਤਜਵੀਜ਼ਾਂ ਦੇ ਅਧਾਰ ਤੇ ਸਰਕਾਰ ਦੀ ਲੋੜੀਂਦੀ ਪ੍ਰਵਾਨਗੀ ਲੈਣ ਉਪਰੰਤ ਅਗਲੀ ਮੀਟਿੰਗ ਵਿੱਚ ਅਜੰਡਾ ਆਈਟਮ ਬੋਰਡ ਦੇ ਵਿਚਾਰਨ ਲਈ ਪੇਸ਼ ਕੀਤੀ ਜਾਵੇ।

**ਆਈਟਮ ਨੰ:9** **ਬੋਰਡ ਦੇ ਪੰਜੀਕ੍ਰਿਤ ਲਾਭਪਾਤਰੀਆਂ ਅਤੇ ਕਿਰਤ ਭਲਾਈ ਸਕੀਮਾਂ ਦਾ ਕੰਪਿਊਟਰਾਈਜੇਸ਼ਨ ਸਬੰਧੀ ਪ੍ਰੋਜੈਕਟ ਤਿਆਰ ਕਰਾਉਂਣ ਸਬੰਧੀ।**

ਇਸ ਮੱਦ ਤੇ ਬੋਰਡ ਵਿੱਚ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਬੋਰਡ ਵਲੋਂ ਇਸ ਤੱਥ ਨੂੰ ਵਿਚਾਰਿਆ ਗਿਆ ਕਿ 'ਪੈਕ ਸੈਂਟਰ ਫਾਰ ਟੈਕਨਾਲੋਜੀ ਇੰਜੀਨਿਅਰਿੰਗ' ਇਕ ਮਾਨਤਾ ਪ੍ਰਾਪਤ ਸਰਕਾਰੀ ਸੰਸਥਾ ਹੈ, ਜੋ ਕਿ ਵੱਖ-ਵੱਖ ਵਿਭਾਗਾਂ ਲਈ 'ਸੌਫਟਵੇਅਰ' ਤਿਆਰ ਕਰਦੀ ਹੈ। ਇਸ ਲਈ ਬੋਰਡ ਵਲੋਂ 'ਪੈਕ ਸੈਂਟਰ ਫਾਰ ਟੈਕਨਾਲੋਜੀ ਇੰਜੀਨਿਅਰਿੰਗ' ਤੋਂ ਹੀ ਪ੍ਰਸਤਾਵਿਤ 21 ਲੱਖ ਰੁਪਏ ਦੀ ਕੁਟੇਸ਼ਨਜ਼ ਅਨੁਸਾਰ ਸੋਫਟਵੇਅਰ ਤਿਆਰ ਕਰਵਾਉਣ ਲਈ ਸਰਵ-ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਅਤੇ ਕਿਹਾ ਕਿ ਕਿਸੇ ਹੋਰ ਸੰਸਥਾ ਤੋਂ ਕੁਟੇਸ਼ਨ ਲੈਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਸ ਵਿੱਚ ਬੇਲੋੜੀ ਦੇਰੀ ਹੋਵੇਗੀ। ਬੋਰਡ ਵਲੋਂ ਇਹ ਵੀ ਮਹਿਸੂਸ ਕੀਤਾ ਗਿਆ ਕਿ

ਲਾਭਪਾਤਰੀਆਂ ਨੂੰ ਸਕੀਮਾਂ ਦਾ ਲਾਭ 'ਸਿਧੇ ਕੈਸ਼ ਟ੍ਰਾਂਸਫਰ ਪਾਲਿਸੀ' ਤਹਿਤ ਦੇਣ ਲਈ ਜਲਦ ਤੋਂ ਜਲਦ ਸੋਫਟਵੇਅਰ ਤਿਆਰ ਕਰਨ ਦੀ ਲੋੜ ਹੈ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਬੋਰਡ ਦੇ ਧਿਆਨ ਵਿੱਚ ਲਿਆਉਂਦਾ ਗਿਆ ਕਿ 'ਪੈਕ' ਵਲੋਂ ਸਾਫਟਵੇਅਰ ਤਿਆਰ ਕਰਨ ਲਈ ਜੋ ਸ਼ਰਤਾਂ ਦੱਸੀਆਂ ਗਈਆਂ ਹਨ, ਉਨ੍ਹਾਂ ਵਿੱਚੋਂ ਇਕ ਸ਼ਰਤ ਮੁਤਾਬਕ ਸੋਫਟਵੇਅਰ ਤਿਆਰ ਕਰਨ ਦਾ ਸਾਰਾ ਖਰਚਾ ਐਡਵਾਂਸ ਮੰਗਿਆ ਗਿਆ ਹੈ, ਜਦ ਕਿ ਇਸ ਰਕਮ ਦੀ ਅਦਾਇਗੀ ਸੋਫਟਵੇਅਰ ਤਿਆਰ ਕਰਨ ਵਿੱਚ ਹੋਈ ਪ੍ਰਗਤੀ ਅਨੁਸਾਰ ਕਿਸ਼ਤਾਂ ਵਿੱਚ ਕਰਨੀ ਬਣਦੀ ਹੈ ਅਤੇ ਅੰਤਿਮ ਕਿਸ਼ਤ ਦੀ ਅਦਾਇਗੀ ਸੋਫਟਵੇਅਰ ਦਾ ਕੰਮ ਮੁਕੰਮਲ ਹੋਣ ਉਪਰੰਤ ਹੀ ਕਰਨੀ ਬਣਦੀ ਹੈ। ਇਸ ਸਬੰਧ ਵਿੱਚ ਬੋਰਡ ਵਲੋਂ ਸਰਵ-ਸਮੰਤੀ ਨਾਲ ਪ੍ਰਮੁੱਖ ਸਕੱਤਰ ਕਿਰਤ ਨੂੰ ਅਧਿਕਾਰਤ ਕੀਤਾ ਗਿਆ ਕਿ ਉਹ ਆਪਣੀ ਪੱਧਰ ਤੇ ਪੈਕ ਦੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਕੇ ਸ਼ਰਤਾਂ ਵਿੱਚ ਲੋੜੀਂਦੀ ਸੋਧ ਕਰਵਾ ਲੈਣ।

**ਆਈਟਮ ਨੰ:10** **ਬੋਰਡ ਦੇ ਲੇਖਾ ਅਫਸਰ ਅਤੇ ਸੁਪਰਡੈਂਟ ਦੀ ਤਨਖਾਹ ਵਿਚ ਵਾਧਾ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਲੇਖਾ ਅਫਸਰ ਨੂੰ 15000/- ਰੁਪਏ ਤੋਂ ਵਧਾਕੇ 30,000/- ਰੁਪਏ ਪ੍ਰਤਿ ਮਹੀਨਾ ਅਤੇ ਸੁਪਰਡੈਂਟ ਨੂੰ 15000/- ਰੁਪਏ ਤੋਂ ਵਧਾਕੇ 25000/- ਰੁਪਏ ਪ੍ਰਤਿ ਮਹੀਨਾ ਤਨਖਾਹ ਦੇਣ ਦੀ ਤਜਵੀਜ ਨੂੰ ਪ੍ਰਵਾਨ ਕੀਤਾ ਗਿਆ।

**ਆਈਟਮ ਨੰ:11** **ਬੋਰਡ ਦੇ ਦਫਤਰ ਚੰਡੀਗੜ੍ਹ ਵਿਖੇ ਸਰਵਿਸ ਪ੍ਰੋਵਾਈਡਰ ਰਾਹੀਂ ਉਪਲਬਧ ਕਰਵਾਏ ਲੇਖਾ ਸਹਾਇਕ ਨੂੰ ਡਿਪਟੀ ਕਮਿਸ਼ਨਰ, ਚੰਡੀਗੜ੍ਹ ਦੁਆਰਾ ਨਿਰਧਾਰਤ ਡੀ.ਸੀ ਰੇਟਸ ਅਨੁਸਾਰ ਤਨਖਾਹ ਦੇਣ ਦੀ ਪ੍ਰਵਾਨਗੀ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਫੈਸਲਾ ਕੀਤਾ ਗਿਆ ਕਿ ਬਾਕੀ ਕਰਮਚਾਰੀਆਂ ਵਾਂਗ ਬੋਰਡ ਦੇ ਚੰਡੀਗੜ੍ਹ ਦਫਤਰ ਵਿਚ ਕੰਮ ਕਰਦੇ ਅਕਾਊਂਟਸ ਸਹਾਇਕਾਂ ਨੂੰ ਵੀ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਸਮੇਂ ਸਮੇਂ ਸਿਰ ਨਿਰਧਾਰਤ ਤਨਖਾਹਾਂ ਦੇ ਅਧਾਰ ਤੇ ਅਧਿਸੂਚਨਾ ਦੀ ਮਿਤੀ ਤੋਂ ਤਨਖਾਹ ਦਿਤੀ ਜਾਵੇ।

**ਆਈਟਮ ਨੰ:12** **ਬੋਰਡ ਵਿੱਚ ਇਕ ਜੂਨੀਅਰ ਆਡਿਟਰ ਅਤੇ ਕੰਪਿਊਟਰ ਪ੍ਰੋਗਰਾਮਰ ਦੀ ਅਸਾਮੀ ਦੀ ਰਚਨਾ ਕਰਨ ਬਾਰੇ।**

ਇਸ ਅਜੰਡਾ ਆਈਟਮ ਦੀ ਮੱਦ ਨੰ: (ੳ) ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ, ਬੋਰਡ ਦੇ ਚੰਡੀਗੜ੍ਹ ਦਫਤਰ ਵਿਚ ਲੇਖਾ ਅਫਸਰ ਦੀਆਂ ਪ੍ਰਵਾਨਤ ਦੋ ਅਸਾਮੀਆਂ ਵਿਚੋਂ, ਇਕ ਅਸਾਮੀ ਸਮਾਪਤ ਕਰਕੇ ਉਸ ਦੀ ਥਾਂ ਇਕ 'ਜੂਨੀਅਰ ਆਡੀਟਰ' ਦੀ ਅਸਾਮੀ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿਤੀ ਗਈ। ਇਹ ਵੀ ਫੈਸਲਾ ਲਿਆ ਗਿਆ ਕਿ ਇਹ ਅਸਾਮੀ ਪੰਜਾਬ ਸਰਕਾਰ ਦੇ ਰਿਟਾਇਰਡ 'ਜੂਨੀਅਰ ਆਡੀਟਰਾਂ' ਵਿਚੋਂ ਸਰਵਿਸ ਪ੍ਰੋਵਾਈਡਰ ਰਾਹੀਂ ਭਰੀ ਜਾਵੇਗੀ, ਜਿਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਮੇਂ-ਸਮੇਂ ਸਿਰ ਸਹਾਇਕ/ਅਕਾਉਟੈਂਟ ਲਈ ਨਿਰਧਾਰਿਤ ਤਨਖਾਹ ਦੇ ਬਰਾਬਰ ਤਨਖਾਹ ਦਿਤੀ ਜਾਵੇਗੀ।

ਇਸੇ ਅਜੰਡਾ ਆਈਟਮ ਦੀ ਮਦ (ਅ) ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ ਕੰਪਿਊਟਰ ਓਪਰੇਟਰ ਦੀ ਸਦਰ ਦਫਤਰ ਵਿਚ ਖਾਲੀ ਪਈ ਇਕ ਅਸਾਮੀ ਨੂੰ ਅਪਗ੍ਰੇਡ ਕਰਕੇ 'ਕੰਪਿਊਟਰ ਪ੍ਰੋਗ੍ਰਾਮਰ' ਦੀ ਅਸਾਮੀ ਬਨਾਉਂਣ ਦੀ ਪ੍ਰਵਾਨਗੀ ਦਿਤੀ ਗਈ। ਇਸ ਅਸਾਮੀ ਲਈ ਯੋਗਤਾ ਮਾਨਤਾ ਪ੍ਰਾਪਤ ਸੰਸਥਾ ਤੋਂ ਐਮ.ਸੀ.ਏ ਦੀ ਡਿਗਰੀ ਅਤੇ ਕੰਪਿਊਟਰ ਉਪਰੇਟਰ ਦਾ ਘੱਟੋ-ਘੱਟ ਤਿੰਨ ਸਾਲ ਦਾ ਤਜਰਬਾ ਰੱਖਣ ਦਾ ਫੈਸਲਾ ਲਿਆ ਗਿਆ ਅਤੇ ਇਹ ਵੀ ਫੈਸ਼ਲਾ ਲਿਆ ਗਿਆ ਕਿ ਬੋਰਡ ਵਿਚ ਅਜਿਹੀਆਂ ਯੋਗਤਾਵਾਂ ਰੱਖਣ ਵਾਲੇ ਕਰਮਚਾਰੀ ਨੂੰ ਤਰਜੀਹ ਦਿਤੀ ਜਾਵੇ। ਇਹ ਵੀ ਫੈਸਲਾ ਹੋਇਆ ਕਿ ਇਸ ਅਸਾਮੀ ਤੇ ਸਰਵਿਸ ਪ੍ਰੋਵਾਈਡਰ ਰਾਹੀਂ ਨਿਯੁਕਤ ਕਰਮਚਾਰੀ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਸਮੇਂ ਸਮੇਂ ਸਿਰ ਨਿਰਧਾਰਿਤ ਤਨਖਾਹ, ਦਿਤੀ ਜਾਵੇ।

**ਆਈਟਮ ਨੰ:13** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਸਟਾਫ ਨੂੰ ਪੰਜਾਬ ਸਰਕਾਰ ਦੀ ਅਧਿਸੂਚਨਾਂ ਮਿਤੀ 15.11.2012 ਅਨੁਸਾਰ ਤਨਖਾਹਾ ਦੇਣ ਬਾਰੇ।**

ਪੰਜਾਬ ਸਰਕਾਰ ਵਲੋਂ ਮਿਨੀਮਮ ਵੈਜਿਜ ਐਕਟ 1948 ਅਧੀਨ ਜਾਰੀ ਅਧਿਸੂਚਨਾ ਮਿਤੀ 15.11.12 ਰਾਹੀਂ ਨਿਰਧਾਰਤ ਕੀਤੀਆਂ ਉਜਰਤਾਂ ਅਨੁਸਾਰ ਚੰਡੀਗੜ੍ਹ ਵਿਖੇ ਬੋਰਡ ਦੇ ਦਫਤਰ ਅਤੇ ਕਿਰਤ ਵਿਭਾਗ ਦੇ ਖੇਤਰੀ ਦਫਤਰਾਂ ਵਿਚ ਸਰਵਿਸ ਪ੍ਰੋਵਾਈਡਰ ਰਾਹੀਂ ਉਪਲਬਧ ਕਰਵਾਏ ਕਰਮਚਾਰੀਆਂ ਨੂੰ, ਅਧਿਸੂਚਨਾ ਵਿਚ ਦਰਜ

ਸ਼ਿਡਿਊਲ ਨੰ:61 ਨੂੰ ਮੁੱਖ ਰੱਖਦੇ ਹੋਏ, ਉਨ੍ਹਾਂ ਦੇ ਸਾਹਮਣੇ ਦਰਸ਼ਾਈਆਂ ਕੈਟਾਗਰੀਆਂ ਲਈ ਨਿਰਧਾਰਤ ਤਨਖਾਹਾਂ ਦੇਣਾ ਬੋਰਡ ਵਲੋਂ ਸਰਵ-ਸੰਮਤੀ ਨਾਲ ਪ੍ਰਵਾਨ ਕੀਤਾ: -

| ਲੜੀ ਨੰ: | ਉਨ੍ਹਾਂ ਦੇ ਸਾਹਮਣੇ ਦਰਸਾਈ | ਨੋਟੀਫਿਕੇਸ਼ਨ ਅਨੁਸਾਰ ਕਰਮਚਾਰੀਆਂ ਦੀ ਸ਼੍ਰੇਣੀ | ਮਹੀਨਾਵਾਰ ਤਨਖਾਹ | ਵਿਸ਼ੇਸ਼ ਕਥਨ |
|---|---|---|---|---|
| 1. | ਸ਼ਹਾਇਕ ਕਮ ਕੰਪਿਊਟਰ ਅਪੇਰਟਰ/ ਸਹਾਇਕ ਕੰਪਿਊਟਰ ਅਪਰੇਟਰ | ਸਟਾਫ ਕੈਟਾਗਰੀ- 'ਬੀ' | ₹8700/- | ਸਰਕਾਰ ਵਲੋਂ ਜਾਰੀ ਅਧਿਸੂਚਨਾ ਅਨੁਸਾਰ ਇਨ੍ਹਾਂ ਕਰਮਚਾਰੀਆਂ ਦੀ ਵਿਦਿਅਕ ਯੋਗਤਾ ਸ੍ਰੇਣੀ 'ਬੀ' ਵਿੱਚ ਕਵਰ ਹੋਣ ਕਾਰਣ। |
| 2. | ਡਰਾਈਵਰ | ਸਟਾਫ ਕੈਟਾਗਰੀ- 'ਸੀ' | ₹ 7200/- | ਕਿਰਤ ਕਮਿਸ਼ਨਰ ਪੰਜਾਬ ਦੀ ਲੀਗਲ ਸ਼ਾਖਾ ਦੀ ਪੱਧਰ ਤੇ ਡਿਪਟੀ ਕਿਰਤ ਕਮਿਸ਼ਨਰ ਵਲੋਂ ਦਿੱਤੀ ਰਾਏ ਅਨੁਸਾਰ ਸਰਕਾਰੀ ਵਿਭਾਗਾਂ/ਬੋਰਡਾਂ/ਕਾਰਪੋਰੇਸ਼ਨਾਂ ਦੇ ਡਰਾਈਵਰ ਪਹਿਲਾਂ ਸਟੈਨੋ ਟਾਈਪਿਸਟ ਦੇ ਬਰਾਬਰ ਤਨਖਾਹ ਲੈ ਰਹੇ ਸਨ, ਜਿਸ ਨੂੰ ਹੁਣ 'ਸੀ' ਸ੍ਰੇਣੀ ਵਿੱਚ ਰੱਖਿਆ ਗਿਆ। ਇਸ ਲਈ ਉਸ ਸਮਾਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਡਰਾਈਵਰ ਨੂੰ 'ਸੀ' ਸ੍ਰੇਣੀ ਵਿੱਚ ਰੱਖਣ ਕਾਰਣ। |
| 3. | ਸੇਵਾਦਾਰ | ਸਟਾਫ ਕੈਟਾਗਰੀ- 'ਡੀ' | ₹ 6000/- | ਸਟਾਫ ਕੈਟੇਗਰੀ ਲਈ ਅਧਿਸੂਚਨਾ ਅਨੁਸਾਰ। |

ਬੋਰਡ ਵਲੋਂ ਸਰਕਾਰ ਦੀ ਅਧਿਸੂਚਨਾ ਵਿਚ ਦਰਜ ਨੋਟ ਨੰ:20 ਅਨੁਸਾਰ ਬੋਰਡ ਦੇ ਸਦਰ ਦਫਤਰ ਚੰਡੀਗੜ੍ਹ ਵਿਚ ਸਰਵਿਸ ਪ੍ਰੋਵਾਈਡਰ ਰਾਹੀਂ ਕੰਮ ਕਰ ਰਹੇ ਕਰਮਚਾਰੀਆਂ ਨੂੰ ਪੰਜਾਬ ਸਟੇਟ ਦੇ ਮੋਜੂਦਾ ਰੇਟ ਵੱਧ ਹੋਣ ਕਾਰਣ ਪੰਜਾਬ ਦੇ ਨਵੇਂ ਰੇਟਾਂ ਅਨੁਸਾਰ ਤਨਖਾਹ ਦੇਣ ਦੀ ਵੀ ਪ੍ਰਵਾਨਗੀ ਦਿਤੀ ਗਈ। ਇਹ ਵੀ ਪ੍ਰਵਾਨ ਕੀਤਾ ਗਿਆ ਕਿ ਅੱਗੋਂ ਲਈ ਵੀ ਨੋਟ 20 ਅਨੁਸਾਰ ਸਕੱਤਰ ਦੀ ਪੱਧਰ ਤੇ ਹੀ ਕਾਰਵਾਈ ਕੀਤੀ ਜਾਵੇ।

**ਆਈਟਮ ਨੰ:14ਉਸਾਰੀ ਕਿਰਤੀਆਂ ਨੂੰ ਬਤੋਰ ਲਾਭਪਾਤਰੀ ਰਜਿਸਟਰ ਕਰਨ ਲਈ ਵੱਖ-ਵੱਖ ਵਿਭਾਗਾ ਦੇ ਅਧਿਕਾਰੀਆਂ ਨੂੰ ਅਧਿਕਾਰਤ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਦੇ ਹੋਏ ਮੈਂਬਰ ਸਕੱਤਰ ਵਲੋਂ ਮੈਂਬਰਾਂਨ ਨੂੰ ਦੱਸਿਆ ਗਿਆ ਕਿ ਮੋਜੂਦਾ ਸਮੇਂ ਬੋਰਡ ਦੇ ਲਾਭਪਾਤਰੀ ਰਜਿਸਟਰ ਕਰਨ ਲਈ ਰੂਲਜ਼ 2008 ਦੇ ਰੂਲ 260 (4) ਅਧੀਨ ਬਤੋਰ **'ਰਜਿਸਟਰਿੰਗ ਅਫਸਰ'** ਅਧਿਕਾਰ ਕਿਰਤ ਵਿਭਾਗ ਦੇ ਅਧਿਕਾਰੀਆਂ ਜਿਵੇਂ ਕਿ ਸਹਾਇਕ ਕਿਰਤ ਕਮਿਸ਼ਨਰਾਂ,ਕਿਰਤ ਤੇ ਸੁਲਾਹ ਅਫਸਰਾਂ, ਕਿਰਤ ਇੰਸਪੈਕਟਰਜ਼ ਗ੍ਰੇਡ-1/2 ਪਾਸ ਹੀ ਹਨ। ਵੱਧ ਤੋਂ ਵੱਧ ਉਸਾਰੀ ਕਿਰਤੀਆਂ ਨੂੰ ਬੋਰਡ ਦੇ ਲਾਭਪਾਤਰੀ ਵਜੋਂ ਰਜਿਸਟਰ ਕਰਨ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੁੱਖ ਸਕੱਤਰ ਪੰਜਾਬ ਵਲੋਂ ਦਿੱਤੇ ਆਦੇਸ਼ ਅਨੁਸਾਰ ਮਿਤੀ 12.10.2012 ਨੂੰ ਪ੍ਰਮੁੱਖ ਸਕੱਤਰ ਕਿਰਤ ਜੀ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਹੋਈ ਸੀ, ਜਿਸ ਵਿੱਚ 'ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ 1996' ਅਤੇ 'ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਸੈਸ ਐਕਟ, 1996' ਅਧੀਨ ਨਿਰਮਾਣ ਕਾਰਜਾਂ ਨਾਲ ਜੁੜੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਤਾਕਤਾਂ ਦੇਣ ਬਾਰੇ ਵਿਚਾਰ ਵਟਾਂਦਰਾ ਹੋਇਆ। ਇਸ ਮੀਟਿੰਗ ਵਿੱਚ ਇਨ੍ਹਾਂ ਐਕਟਾਂ ਅਧੀਨ ਵੱਖ-ਵੱਖ ਤਾਕਤਾਂ ਤੋਂ ਇਲਾਵਾ ਸਰਵ ਸੰਮਤੀ ਨਾਲ ਇਹ ਵੀ ਫੈਸਲਾ ਹੋਇਆ ਕਿ ਬੀ.ਓ.ਸੀ.ਡਬਲਿਯੂ ਰੂਲਜ਼, 2008 ਦੇ ਰੂਲ 260 (4) ਅਧੀਨ ਲਾਭਪਾਤਰੀ ਰਜਿਸਟਰ ਕਰਨ ਲਈ ਬਤੋਰ **'ਰਜਿਸਟਰਿੰਗ ਅਫਸਰ'** ਅਧਿਕਾਰ ਹੇਠ ਦੱਸੇ ਵਿਭਾਗਾਂ ਵਿੱਚ ਉਨ੍ਹਾਂ ਦੇ ਸਾਹਮਣੇ ਦੱਸੇ ਅਧਿਕਾਰੀਆਂ ਨੂੰ ਦੇ ਦਿੱਤੇ ਜਾਣ:

| ਲੜੀ ਨੰ: | ਵਿਭਾਗ ਦਾ ਨਾਂ | ਅਫਸਰ ਦਾ ਔਹਦਾ |
|---|---|---|
| 1. | **ਸਥਾਨਕ ਸਰਕਾਰ ਵਿਭਾਗ** | |
| ੳ) | ਮਿਉਂਸਪਲ ਕਾਰਪੋਰੇਸ਼ਨ | ਜੂਨੀਅਰ ਇੰਜੀਨੀਅਰ |
| ਅ) | ਮਿਉਂਸਪਲ ਕੋਸਲਾਂ/ਨਗਰ ਪੰਚਾਇਤਾਂ/ ਨੋਟੀਫਾਈਡ ਏਰੀਆ ਕਮੇਟੀਆਂ | ਜੂਨੀਅਰ ਇੰਜੀਨੀਅਰ |

| | | |
|---|---|---|
| 2. | ਹਾਉਸਿੰਗ ਅਤੇ ਸ਼ਹਿਰੀ ਵਿਕਾਸ ਦੀਆਂ ਅਥਾਰਟੀਆਂ ਜਿਵੇਂ ਕਿ ਗਮਾਡਾ/ਗਲਾਡਾ/ਜੇ.ਡੀ.ਏ/ਬੀ.ਡੀ.ਏ/ਏ.ਡੀ.ਏ | ਜੂਨੀਅਰ ਇੰਜੀਨੀਅਰ |
| 3. | ਸਿੰਚਾਈ/ਪੀ.ਡਬਲਿਯੂ.ਡੀ ਅਤੇ ਸੈਨੀਟੇਸ਼ਨ ਐਂਡ ਵਾਟਰ ਸਪਲਾਈ ਵਿਭਾਗ | ਜੂਨੀਅਰ ਇੰਜੀਨੀਅਰ |
| 4. | ਰੂਰਲ ਡਵੈਲਪਮੈਂਟ ਵਿਭਾਗ | ਪੰਚਾਇਤ ਸੈਕਟਰੀ |

ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ, ਉਪਰੋਕਤ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ-ਨਾਲ, ਕਿਰਤ ਵਿਭਾਗ ਵਿੱਚ ਕਿਰਤ ਵਿੰਗ ਦੇ ਸਬੰਧਤ ਅਧਿਕਾਰੀਆਂ ਅਤੇ ਫੈਕਟਰੀ ਵਿੰਗ ਵਿੱਚ ਡਿਪਟੀ ਡਾਈਰੈਕਟਰ ਆਫ ਫੈਕਟਰੀਜ਼/ ਸਹਾਇਕ ਡਾਈਰੈਕਟਰ ਆਫ ਫੈਕਟਰੀਜ਼ ਨੂੰ ਰੂਲਜ਼ 2008 ਦੇ ਰੂਲ 260 (4) ਅਨੁਸਾਰ ਉਸਾਰੀ ਕਿਰਤੀਆਂ ਦੀ ਬਤੌਰ ਲਾਭਪਾਤਰੀ ਰਜਿਸਟ੍ਰੇਸ੍ਨ ਕਰਨ ਵਾਸਤੇ **'ਰਜਿਸਟਰਿੰਗ ਅਫਸਰ'** ਦੇ ਤੋਰ ਤੇ ਅਧਿਕਾਰ ਦੇਣ ਲਈ ਸਰਵ-ਸਮੰਤੀ ਲਾਲ ਪ੍ਰਵਾਨਗੀ ਦਿੱਤੀ ਗਈ ਤਾਂ ਜੋ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦੇ ਲਾਭ ਉਨ੍ਹਾਂ ਵਿਭਾਗਾਂ ਦੇ ਲਾਭਪਾਤਰੀਆਂ ਨੂੰ ਵੀ ਮੁੱਹਈਆ ਕਰਵਾਏ ਜਾ ਸਕਣ।

ਬੋਰਡ ਵਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਵਜੋਂ ਜਿੰਨੀ ਰਜਿਸਟ੍ਰੇਸ਼ਨ ਫੀਸਉਪਰੋਕਤ ਅਧਿਕਾਰੀਆਂ ਵਲੋਂ ਪ੍ਰਾਪਤ ਕੀਤੀ ਜਾਵੇਗੀ, ਉਹ ਬੋਰਡ ਦੇ ਖਾਤਾ ਨੰ:3248000100917551 ਵਿਚ ਜਮਾਂ ਹੋਵੇਗੀ, ਜਿਸ ਬਾਰੇ ਮਾਸਿਕ ਸਟੇਟਮੈਂਟ ਬੋਰਡ ਨੂੰ ਸਬੰਧਤ ਵਿਭਾਗਾਂ ਦੇ ਸਬੰਧਤ ਅਧਿਕਾਰੀਆਂ ਵਲੋਂ ਭੇਜਣੀ ਸੁਨਿਸ਼ਚਿਤ ਕੀਤੀ ਜਾਵੇਗੀ।

ਅੰਤ ਵਿੱਚ ਮਾਨਯੋਗ ਚੇਅਰਮੈਨ ਜੀ ਵਲੋਂ ਮੈਂਬਰ ਸਾਹਿਬਾਨ ਦਾ ਮੀਟਿੰਗ ਵਿੱਚ ਆਉਣ ਤੇ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ ਇਹ ਵੀ ਆਦੇਸ਼ ਦਿੱਤੇ ਕਿ ਕਿਉਂ ਜੋ ਮਾਨਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਬੋਰਡ ਦੀ ਮੀਟਿੰਗ ਹਰ ਦੋ ਮਹੀਨੇ ਬਾਅਦ ਰੱਖਣੀ ਜ਼ਰੂਰੀ ਹੈ, ਇਸ ਲਈ ਬੋਰਡ ਦੀ ਅਗਲੀ ਮੀਟਿੰਗ ਮਿਤੀ 26.4.2013 ਨੂੰ ਰਖ ਲਈ ਜਾਵੇ।